ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਅਕਤੂਬਰ ੧੯੯੬

OCTOBER 1996



ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਅੰਮ੍ਰਿਤਸਰ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | | | |
|---|---|---|---|---|---|
| ੧ | ਭਜਹੁ ਗੁੋਬਿੰਦ, ਭੂਲਿ ਮਤ ਜਾਹੁ | ੧ | ੯. | ਤਮਾਕੂ ਤੇ ਇਸ ਦੀ ਵਰਤੋਂ ਦੇ ਭੈੜੇ ਅਸਰ | ੧੭ |
| ੨ | ਅਰਥ ਵਿਆਖਿਆ | ੨ | ੧੦ | ਜੈਤਸਰੀ ਕੀ ਵਾਰ (੫) | ੨੧ |
| ੩ | ਨਾਮ ਦੇ ਵਾਪਾਰੀ | ੫ | ੧੧. | Meeting with Bhagat Singh The Great Patriot | ੨੩ |
| ੪. | ਮੇਰੋ ਮਨ ਅੰਤਰਿ ਲੋਚਾ ਮਿਲਣ ਕੀ | ੬ | ੧੨. | ਜਗੁ ਕਊਆ ਮੁਖਿ ਚੁੰਚ ਗਿਆਨ | ੨੮ |
| ੫ | ਮੂਲ ਮੰਤ੍ਰ ਅੰਦਰ ਸ਼ਬਦ 'ਸਤਿਨਾਮੁ' | ੯ | ੧੩ | ਅਨੰਦ ਕਾਰਜ ਦੀ ਅਨੰਦਤਾ | ੩੧ |
| ੬ | ਜਿਸਹਿ ਨਿਵਾਜੇ ਸੇ ਜਨੁ ਸੂਰਾ | ੧੨ | ੧੪. | ਨਾਨਕ ਦੁਨੀਆ ਕੈਸੀ ਹੋਈ ? | ੩੪ |
| ੭ | ਬਹੁ, ਪਰਪੰਚ ਕਰਿ ਪਰ ਧਨੁ ਲਿਆਵੈ | ੧੪ | ੧੫ | ਸੇਖਾ ਅੰਦਰਹੁ ਜੋਰੁ ਛਡਿ ਤੂ | ੩੬ |
| ੮ | ਗੁਰਦੁਆਰਾ ਮਨੀਕਰਨ (ਹਿਮਾਚਲ) ਦੀ ਅਸਲੀਅਤ | ੧੫ | ੧੬. | ਗੁਰਸਿੱਖੀ ਬਾਣਾ | ੩੮ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ ੧ ਅਕਤੂਬਰ ਜੋਤੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ੭ ਅਕਤੂਬਰ
ਪ੍ਰਕਾਸ਼ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ੨੮ ਅਕਤੂਬਰ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. ਲੁਧਿਆਣਾ – ਸਬ ਆਫਿਸ "ਸੂਰਾ" – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ. ਸੰਤ ਸਿੰਘ ਤ੍ਰਿਲੋਕ ਸਿੰਘ, ਚੱਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੱਜਿੰਦਰ ਸਿੰਘ ਜੀ, ੫੩੭੩ – ੲੇ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ. ੨, ਕਾਸ਼ੀ ਨਗਰ ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਵਿੰਦ ਸਿੰਘ) ਜੀ ਮਕਾਨ ਨੰਬਰ ੭੮੧੯ ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਬਲਵਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ ੨੪੩੪੮ ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ–੪੫੫੭੮੭ ਘਰ–੨੩੧੫੨੦
੧੧. ਯਮੁਨਾਨਗਰ – ਸ੍ਰੀ ਪਰਮਜੀਤ ਸਿੰਘ, ਮਦਰਾਸ ਹੈਂਡਲੂਮ ਤੱਤ ਖਾਲਸਾ ਭਵਨ, ਜਗਾਧਰੀ ਰੋਡ, ਪਿਨ ਕੋਡ੧੩੫੦੦੧ ਫੋਨ : ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਮਲੇਰਕੋਟਲਾ।
੧੩. ਫਗਵਾੜਾ – ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ ਚੌੜਾ ਖੂਹ ਨੇੜੇ ਗੁ. ਪਾ. ੬

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ. ਮੰਜੀ ਸਾਹਿਬ ਆਲਮਗੀਰ ਲੁਧਿਆਣਾ ਵਿਖੇ।

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਵਾਉਣ ਲਈ ਸੰਪਰਕ ਕਰੋ :

੧. ਇੰਗਲੈਂਡ –ਭਾਈ ਗੁਰਨਾਮ ਸਿੰਘ ਜੀ 10-Lambourne Gardens, Earley Reading, Berks U.K. Tel.01734 267900
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ ੧੮੦੦੭੨੨੬੨੧੨
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ ੧੮੦੦੬੬੩੦੨੨੪
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫

## ਫ੍ਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਹੰਸਪਾਲ ਡਾਈ ਮੇਕਰ | 100 ਰੁ: | ਭਾਈ ਮਨਿੰਦਰ ਸਿੰਘ ਜੀ | 1200 ਰੁ: |
| ਭਾਈ ਹਰਦੀਪ ਸਿੰਘ ਜੀ | 50 ਰੁ: | ਭਾਈ ਬੂੜ ਸਿੰਘ ਜੀ, ਸਮਰਾਲਾ | 200 ਰੁ: |
| ਗੁਪਤ | 800 ਰੁ: | ਬੀਬੀ ਨਵਨੀਤ ਕੌਰ ਜੀ, ਸੋਨੀਪਤ | 10,000 ਰੁ: |
| ਬੀਬੀ ਗੁਰਬਚਨ ਕੌਰ ਜੀ | 200 ਰੁ: | | |

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ (ਫੋਨ 28865) ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ 12-ਆਈ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ), ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣ

www.AKJ.Org

ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

ਜਿਲਦ ੩੦
ਅਕਤੂਬਰ ੧੯੯੬
ਅੰਕ ੧੦

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ.......੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ . (ਇੱਕ ਕਾਪੀ .... ੩.੦੦)

ਰੇ ਮਨ ਵਤ੍ਰ ਬੀਜਣ ਨਾਉ।।
ਬੋਇ ਖੇਤੀ ਲਾਇ ਮਨੂਆ, ਭਲੋ ਸਮਉ ਸੁਆਉ।।੧।।ਰਹਾਉ।।
(ਮਾਰੂ ਮ: ੫, ਪੰਨਾ ੧੦੦੨)

## ਭਜਹੁ ਗੋੁਬਿੰਦ, ਭੂਲਿ ਮਤ ਜਾਹੁ

ਗੁਰ ਸੇਵਾ ਤੇ, ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।
ਇਸ ਦੇਹੀ ਕਉ ਸਿਮਰਹਿ ਦੇਵ।। ਸੋ ਦੇਹੀ, ਭਜੁ ਹਰਿ ਕੀ ਸੇਵ।।੧।।
ਭਜਹੁ ਗੋੁਬਿੰਦ, ਭੂਲਿ ਮਤ ਜਾਹੁ।। ਮਾਨਸ ਜਨਮ ਕਾ ਏਹੀ ਲਾਹੁ।।੧।। ਰਹਾਉ।।

ਜਬ ਲਗੁ ਜਰਾ ਰੋਗੁ ਨਹੀ ਆਇਆ।। ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ।।
ਜਬ ਲਗੁ ਬਿਕਲ ਭਈ ਨਹੀ ਬਾਨੀ।। ਭਜਿ ਲੇਹਿ ਰੇ ਮਨ, ਸਾਰਿਗਪਾਨੀ।।੨।।

ਅਬ ਨ ਭਜਸਿ, ਭਜਸਿ ਕਬ ਭਾਈ।। ਆਵੈ ਅੰਤੁ, ਨ ਭਜਿਆ ਜਾਈ।।
ਜੋ ਕਿਛੁ ਕਰਹਿ, ਸੋਈ ਅਬ ਸਾਰੁ।। ਫਿਰਿ ਪਛੁਤਾਹੁ ਨ ਪਾਵਹੁ ਪਾਰੁ।।੩।।

ਸੋ ਸੇਵਕੁ ਜੋ ਲਾਇਆ ਸੇਵ।। ਤਿਨ ਹੀ ਪਾਏ ਨਿਰੰਜਨ ਦੇਵ।।
ਗੁਰ ਮਿਲਿ, ਤਾ ਕੇ ਖੁਲ੍ਹੇ ਕਪਾਟ।। ਬਹੁਰਿ ਨ ਆਵੈ ਜੋਨੀ ਬਾਟ।।੪।।

ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ।। ਘਟ ਭੀਤਰਿ ਤੂ ਦੇਖੁ ਬਿਚਾਰਿ।।
ਕਹਤ ਕਬੀਰੁ, ਜੀਤਿ ਕੈ ਹਾਰਿ।। ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ।।੫।।੧।।੯।।

(ਰਾਗ ਭੈਰਉ, ਕਬੀਰ ਜੀ, ਪੰਨਾ ੧੧੫੯)

ਪਦ ਅਰਥ :- ਮਾਨਸ ਦੇਹੀ-ਮਨੁੱਖਾ ਸਰੀਰ। ਦੇਹੀ ਕਉ-ਸਰੀਰ ਦੀ ਖਾਤਰ। ਦੇਵ-ਦੇਵਤੇ।੧। ਭਜਹੁ-ਸਿਮਰੋ। ਗੋੁਬਿੰਦ-(ਅਸਲ ਸ਼ਬਦ ਗੋਬਿੰਦ ਹੈ ਪਰ ਇੱਥੇ ਇਸ ਨੂੰ ਗੁਬਿੰਦ ਪੜ੍ਹਨਾ ਹੈ) ਪ੍ਰਭੂ। ਲਾਹੁ-ਲਾਭ।੧।ਰਹਾਉ।

ਜਬ ਲਗੁ-ਜਦੋਂ ਤੱਕ। ਜਰਾ-ਬੁਢੇਪਾ। ਕਾਲਿ-ਕਾਲ (ਮੌਤ) ਨੇ। ਗ੍ਰਸੀ-ਦਬੋਚ ਲਈ, ਪਕੜ ਲਈ। ਕਾਇਆ-ਸਰੀਰ। ਬਿਕਲ-ਬੇ-ਥਵ੍ਹੀ। ਬਾਨੀ-ਬੋਲਣਾ। ਸਾਰਿਗਪਾਨੀ-ਪਰਮਾਤਮਾ।੨।

ਅਬ-ਹੁਣ। ਅੰਤੁ-ਅਖੀਰਲਾ ਵੇਲਾ। ਸਾਰੁ-ਸੰਭਾਲ ਕਰ। ਨ ਪਾਵਹੁ ਪਾਰੁ-ਪਾਰ ਉਤਾਰਾ (ਖਲਾਸੀ) ਨਹੀਂ ਹੋਵੇਗਾ।੩।

ਨਿਰੰਜਨ ਦੇਵ-ਕਾਲਕ-ਰਹਿਤ (ਬੇ-ਦਾਗ) ਪ੍ਰਭੂ ਪ੍ਰਮਾਤਮਾ। ਕਪਾਟ-ਕਵਾੜ, ਭਿੱਤ। ਜੋਨੀ ਬਾਟ-ਮਾਂ ਦੇ ਪੇਟ ਵਿੱਚੋਂ ਬਾਹਰ ਆਉਣ ਦਾ ਰਸਤਾ (ਬਾਟ)।੪।

ਅਉਸਰੁ-ਸਮਾਂ, ਮੌਕਾ। ਬਾਰ-ਵਾਰੀ। ਘਟ-ਸਰੀਰ, ਹਿਰਦਾ। ਭੀਤਰਿ-ਅੰਦਰ, ਵਿੱਚ। ਕੈ-ਚਾਹੇ, ਜਾਂ। ਬਹੁ-ਬਹੁਤ, ਕਈ। ਬਿਧਿ-ਤਰੀਕੇ, ਢੰਗ। ਪੁਕਾਰਿ ਪੁਕਾਰਿ-ਕੂਕ ਕੂਕ ਕੇ।੫।



www.AKJ.Org

# ਅਰਥ ਵਿਆਖਿਆ

ਅਰਥ :- ਹੇ ਭਾਈ ! ਗੋਬਿੰਦ ਨੂੰ ਸਿਮਰੋ, ਕਿਤੇ ਭੁਲ ਨਾ ਜਾਇਓ। ਮਨੁੱਖਾ ਜਨਮ ਦਾ ਇਹੀ (ਸਿਮਰਨ ਹੀ) ਲਾਹਾ ਹੈ।੧।ਰਹਾਉ।

ਹੇ ਭਾਈ ! ਜੇ ਤੂੰ ਗੁਰੂ ਦੀ ਰਾਹੀਂ ਭਗਤੀ (ਬੰਦਗੀ) ਦੀ ਕਮਾਈ ਕਰੇਂ, ਤਾਂਹੀਓਂ ਇਹ ਮਨੁੱਖਾ ਦੇਹੀ (ਸਰੀਰ) ਮਿਲੀ ਸਮਝ। ਇਸ ਦੇਹੀ ਨੂੰ ਦੇਵਤੇ ਵੀ ਲੋਚਦੇ ਹਨ। ਅਜੇਹੀ ਦੇਹੀ ਰਾਹੀਂ ਹਰੀ ਦਾ ਸੇਵਾ ਸਿਮਰਨ ਕਰ।੧।

ਜਦੋਂ ਤਕ ਬੁਢੇਪਾ ਰੂਪ ਰੋਗ ਨਹੀਂ ਆਇਆ, ਜਦ ਤਕ ਤੇਰੇ ਸਰੀਰ ਨੂੰ ਮੌਤ ਨੇ ਨਹੀਂ ਆ ਪਕੜਿਆ, ਜਦ ਤਕ ਤੇਰੀ ਜ਼ਬਾਨ ਥਿੜਕਣ ਨਹੀਂ ਲੱਗ ਪੈਂਦੀ, ਹੇ ਮੇਰੇ ਮਨ ! ਉਸ ਤੋਂ ਪਹਿਲਾਂ ਪਹਿਲਾਂ ਹੀ ਪਰਮਾਤਮਾ ਦਾ ਭਜਨ ਕਰ ਲੈ।੨।

ਹੇ ਭਾਈ ! ਜੇ ਤੂੰ ਹੁਣ ਭਜਨ ਨਹੀਂ ਕਰਦਾ ਤਾਂ ਫਿਰ ਕਦੋਂ ਕਰੇਂਗਾ ? ਜਦੋਂ ਮੌਤ ਸਿਰ ਤੇ ਆ ਖੜ੍ਹੀ ਹੋਈ, ਉਸ ਵੇਲੇ ਤਾਂ ਭਜਨ ਨਹੀਂ ਹੋ ਸਕੇਗਾ। ਜੋ ਕੁੱਝ ਭਜਨ ਬੰਦਗੀ ਤੂੰ ਚਾਹੁੰਦਾ ਹੈਂ, ਹੁਣੇ ਹੀ ਕਰ ਲੈ, ਜੇ ਸਮਾਂ ਲੰਘ ਗਿਆ ਤਾਂ ਫੇਰ ਪਛਤਾਵੇਂਗਾ ਹੀ, ਤੇਰਾ ਪਾਰ ਉਤਾਰਾ ਨਹੀਂ ਹੋਵੇਗਾ।੩।

(ਜੀਵ ਦੇ ਆਪਣੇ ਵੱਸ ਵੀ ਕੀ ਹੈ ?) ਜਿਸ ਮਨੁੱਖ ਨੂੰ ਪ੍ਰਭੂ ਆਪ ਹੀ ਬੰਦਗੀ ਵਿੱਚ ਲਾਉਂਦਾ ਹੈ, ਉਹੀ ਉਸ ਦਾ ਸੇਵਕ ਬਣਦਾ ਹੈ, ਉਸੇ ਨੂੰ ਪ੍ਰਭੂ ਮਿਲਦਾ ਹੈ, ਸਤਿਗੁਰੂ ਨੂੰ ਮਿਲ ਕੇ ਉਸੇ ਦੇ ਮਨ ਦੇ ਕਿਵਾੜ ਖੁੱਲ੍ਹਦੇ ਹਨ ਤੇ ਉਹ ਮੁੜ ਕੇ ਜੰਮਣ ਮਰਨ ਦੇ ਗੇੜ ਵਿੱਚ ਨਹੀਂ ਆਉਂਦਾ।੪।

ਕਬੀਰ ਸਾਹਿਬ ਕਹਿੰਦੇ ਹਨ ਕਿ ਹੇ ਭਾਈ ! ਮੈਂ ਤੈਨੂੰ ਕਈ ਢੰਗਾਂ ਤਰੀਕਿਆਂ ਨਾਲ ਪੁਕਾਰ ਪੁਕਾਰ ਕੇ ਕਹਿ ਰਿਹਾ ਹਾਂ, ਤੇਰੀ ਮਰਜ਼ੀ ਹੈ, ਇਹ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਕੇ ਜਾਹ ਜਾਂ ਹਾਰ ਕੇ। ਤੂੰ ਆਪਣੇ ਹਿਰਦੇ ਵਿੱਚ ਵਿਚਾਰ ਕੇ ਦੇਖ ਲੈ, ਪ੍ਰਭੂ ਨੂੰ ਮਿਲਣ ਦਾ ਇਹ ਮਨੁੱਖਾ-ਜਨਮ ਹੀ ਮੌਕਾ ਹੈ, ਇਹੀ ਵਾਰੀ ਹੈ।੫।੧।੯।

ਵਿਆਖਿਆ :- ਕਬੀਰ ਸਾਹਿਬ ਕਹਿੰਦੇ ਹਨ-

ਭਜਹੁ ਗੋਬਿੰਦ, ਭੂਲਿ ਮਤ ਜਾਹੁ।।
ਮਾਨਸ ਜਨਮ ਕਾ ਏਹੀ ਲਾਹੁ।।੧।।ਰਹਾਉ।।

ਪ੍ਰਭੂ ਦਾ ਸਿਮਰਨ ਭਜਨ ਹੀ ਮਨੁੱਖਾ ਜਨਮ ਦਾ ਲਾਹਾ ਹੈ। ਨਾਮ ਸਿਮਰਨ ਦੀ ਕਮਾਈ ਹੀ ਬੰਦੇ ਦੇ ਨਾਲ ਜਾਣੀ ਹੈ, ਮਹਿਲ ਮਾੜ੍ਹੀਆਂ, ਧਨ ਦੌਲਤ, ਮਾਲ ਅਸਬਾਬ ਸਭ ਧਰੇ ਦਾ ਧਰਾਇਆ ਹੀ ਰਹਿ ਜਾਣਾ ਹੈ, ਵਣਜਾਰਾ ਦੋਵੇਂ ਹੱਥ ਝਾੜ ਇਸ ਦੁਨੀਆਂ ਤੋਂ ਚਲਦਾ ਬਣਦਾ ਹੈ। ਮਨੁੱਖ ਦੇ ਨਾਲ ਤਾਂ ਨਾਮ-ਧਨ ਹੀ ਜਾਣਾ ਹੈ ਜਿਸ ਵੱਲ ਮਨੁੱਖ ਧਿਆਨ ਨਹੀਂ ਦਿੰਦਾ, ਮਾਇਆ ਦੇ ਰਸਾਂ ਕਸਾਂ ਵਿੱਚ ਫਸਿਆ ਬਹੁਤ ਦੇਰ ਬਾਅਦ ਮਿਲਿਆ ਦੁਰਲੱਭ ਮਨੁੱਖਾ ਜਨਮ ਵਿਅਰਥ ਗੁਆ ਰਿਹਾ ਹੈ। ਲਾਹੇ (ਲਾਭ) ਵਾਲੀ ਨਾਮ-ਸਿਮਰਨ ਦੀ ਕਾਰ ਤਾਂ ਇਹ ਕਰਦਾ ਨਹੀਂ, ਘਾਟੇ ਵਾਲੇ ਕੰਮਾਂ ਵਿੱਚ ਹਰ ਵੇਲੇ ਰੁੱਝਾ ਰਹਿੰਦਾ ਹੈ, ਦਿਨ ਰਾਤ ਮਾਇਆ ਇਕੱਤਰ ਕਰਨ ਪਿੱਛੇ ਹੀ ਦੌੜਿਆ ਫਿਰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੀਵ ਕਈ ਪ੍ਰਕਾਰ ਦੀਆਂ ਜੂਨਾਂ ਵਿੱਚੀਂ ਹੁੰਦਾ ਹੋਇਆ ਮਨੁੱਖਾ ਜੂਨ ਤੱਕ ਪਹੁੰਚਿਆ ਹੈ, ਪਰਮਾਤਮਾ ਨੂੰ ਮਿਲਣ ਦਾ ਇਹੋ ਹੀ ਸਮਾਂ ਹੈ।

ਕਈ ਜਨਮ ਭਏ ਕੀਟ ਪਤੰਗਾ।।
ਕਈ ਜਨਮ ਗਜ ਮੀਨ ਕੁਰੰਗਾ।।
ਕਈ ਜਨਮ ਪੰਖੀ ਸਰਪ ਹੋਇਓ।।
ਕਈ ਜਨਮ ਹੈਵਰ ਬ੍ਰਿਖ ਜੋਇਓ।।੧।।
ਮਿਲੁ ਜਗਦੀਸ ਮਿਲਨ ਕੀ ਬਰੀਆ।।
ਚਿਰੰਕਾਲ ਇਹ ਦੇਹ ਸੰਜਰੀਆ।।੧।।ਰਹਾਉ।।

(ਪੰਨਾ ੧੭੬)

ਗੁਰੂ ਸਾਹਿਬ ਕਹਿੰਦੇ ਹਨ-

"ਮਿਲੁ ਜਗਦੀਸ ਮਿਲਨ ਕੀ ਬਰੀਆ।"

ਆਸਾ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਸਪਸ਼ਟ ਕਹਿੰਦੇ ਹਨ-

ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।

(ਪੰਨਾ ੩੭੮)

ਇਸੇ ਹੀ ਵਿਚਾਰ ਨੂੰ ਕਬੀਰ ਸਾਹਿਬ ਨੇ ਇਨ੍ਹਾਂ ਲਫ਼ਜ਼ਾਂ ਵਿੱਚ ਪ੍ਰਗਟ ਕੀਤਾ ਹੈ-

"ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ।।
ਘਟ ਭੀਤਰਿ ਤੂ ਦੇਖੁ ਬਿਚਾਰਿ।"

ਗੋਬਿੰਦ ਮਿਲਣ ਕਾ ਇਹੋ (ਮਨੁੱਖਾ ਜਨਮ) ਵੇਲਾ ਹੈ। ਕਬੀਰ ਸਾਹਿਬ ਕਹਿੰਦੇ ਹਨ-

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ।।
ਜਿਉ ਬਨ ਫਲ ਪਾਕੇ ਭੁਇ ਗਿਰਹਿ,
ਬਹੁਰਿ ਨ ਲਾਗਹਿ ਡਾਰ।।੩੦।।

(ਪੰਨਾ ੧੩੬੬)


www.AKJ.Org

ਮਨੁੱਖਾ ਜਨਮ ਮੁੜ ਕੇ ਨਹੀਂ ਮਿਲਦਾ। ਗੋਬਿੰਦ ਨੂੰ ਮਿਲਣ ਦਾ ਇਹ ਸੁਨਹਿਰੀ ਮੌਕਾ ਹੈ। ਰੱਬ ਦੀ ਦਰਗਾਹ ਵਿੱਚ ਪਹੁੰਚਣ ਦੀ ਪੌੜੀ ਦਾ ਆਖਰੀ ਡੰਡਾ ਹੈ-

ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ।। (ਪੰਨਾ ੧੦੭੫)

ਜਿਵੇਂ ਦਰਖਤ ਨਾਲੋਂ ਟੁੱਟ ਕੇ ਧਰਤੀ ਤੇ ਡਿੱਗਾ ਫਲ ਵਾਪਸ ਦਰਖਤ ਨੂੰ ਨਹੀਂ ਲੱਗ ਸਕਦਾ ਇਵੇਂ ਹੀ ਪੌੜੀ ਦੇ ਆਖਰੀ ਡੰਡੇ (ਮਨੁੱਖਾ ਜਨਮ) ਤੋਂ ਤਿਲ੍ਹਕਿਆ ਮਨੁੱਖ ਥੱਲੇ ਹੀ ਡਿੱਗਦਾ ਹੈ, ਉਸ ਨੂੰ ਮੁੜ ਆਖਰੀ ਡੰਡੇ ਤੱਕ ਪਹੁੰਚਣ ਲਈ ਚੁਰਾਸੀ ਲੱਖ ਜੂਨਾਂ ਦਾ ਗੇੜ ਕੱਟਣਾ ਪੈਂਦਾ ਹੈ। ਇਸੇ ਕਰਕੇ ਗੁਰੂ ਅਰਜਨ ਦੇਵ ਜੀ ਸਾਨੂੰ ਖਬਰਦਾਰ ਕਰਦੇ ਹਨ-

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ,
ਦੁਲਭ ਜਨਮੁ ਅਬ ਪਾਇਓ।।੧।।
ਰੇ ਮੂੜੇ, ਤੂ ਹੋਛੈ ਰਸਿ ਲਪਟਾਇਓ।।
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ,
ਬਿਖਿਆ ਸਿਉ ਉਰਝਾਇਓ।।੧।।ਰਹਾਉ।।
ਰਤਨ ਜਵੇਹਰ ਬਨਜਨਿ ਆਇਓ,
ਕਾਲਰੁ ਲਾਦਿ ਚਲਾਇਓ।।੨।।
ਜਿਹ ਘਰ ਮਹਿ ਤੁਧੁ ਰਹਨਾ ਬਸਨਾ
ਸੋ ਘਰੁ ਚੀਤਿ ਨ ਆਇਓ।।੩।।
ਅਟਲ ਅਖੰਡ ਪ੍ਰਾਣ ਸੁਖਦਾਈ
ਇਕ ਨਿਮਖ ਨਹੀ ਤੁਝੁ ਗਾਇਓ।।੪।।
ਜਹਾ ਜਾਣਾ ਸੋ ਥਾਨੁ ਵਿਸਾਰਿਓ,
ਇਕ ਨਿਮਖ ਨਹੀ ਮਨੁ ਲਾਇਓ।।੫।।
ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ,
ਇਸ ਹੀ ਮਹਿ ਉਰਝਾਇਓ।।੬।। (ਪੰਨਾ ੧੦੧੭)

ਮਨੁੱਖ ਨਾਸਵੰਤ ਪਦਾਰਥਾਂ ਦੇ ਸੁਆਦਾਂ ਵਿੱਚ ਫਸਿਆ ਰਹਿੰਦਾ ਹੈ, ਅੰਮ੍ਰਿਤ ਨਾਮ ਵੱਲ ਧਿਆਨ ਨਹੀਂ ਦਿੰਦਾ। ਚੌਰਾਸੀ ਲੱਖ ਜੂਨਾਂ ਵਿੱਚ ਭੌਂਦਿਆਂ ਭੌਂਦਿਆਂ ਮਿਲਿਆ ਕੀਮਤੀ ਮਨੁੱਖਾ ਜਨਮ ਭੰਗ ਦੇ ਭਾੜੇ ਹੀ ਗੁਆ ਰਿਹਾ ਹੈ। ਆਇਆ ਤੇ ਰਤਨ ਜਵਾਹਰ ਖਰੀਦਣ ਸੀ ਪਰ ਇਥੋਂ ਕੱਲਰ ਲੱਦ ਕੇ ਹੀ ਤੁਰ ਪਿਆ। ਜਿਸ ਘਰ ਵਿੱਚ ਇਸ ਨੇ ਰਹਿਣਾ ਵੱਸਣਾ ਸੀ, ਉਸ ਘਰ ਦਾ ਕਦੇ ਖਿਆਲ ਹੀ ਨਹੀਂ ਕੀਤਾ। ਜਿਹੜਾ ਅਬਿਨਾਸੀ ਪੁਰਖ ਸਾਨੂੰ ਜਿੰਦ ਅਤੇ ਸਾਰੇ ਸੁੱਖ ਦੇਣ ਵਾਲਾ ਹੈ, ਉਸ ਪਰਮਾਤਮਾ ਦੀ ਇੱਕ ਪਲ ਵੀ ਸਿਫ਼ਤ ਸਾਲਾਹ ਨਹੀਂ ਕੀਤੀ।

ਮੂਰਖ ਮਨੁੱਖ ਉਸ ਥਾਂ ਦਾ ਖਿਆਲ ਹੀ ਨਹੀਂ ਕਰਦਾ ਜਿੱਥੇ ਉਸ ਨੇ ਦੁਨੀਆਂ ਦੇ ਸੈਰ ਸਪਾਟੇ ਤੋਂ ਬਾਅਦ ਜਾਣਾ ਹੈ। ਪੁੱਤਰ, ਇਸਤਰੀ ਤੇ ਘਰ ਦਾ ਸਾਮਾਨ ਦੇਖ ਕੇ ਇਸ ਦੇ ਮੋਹ ਵਿੱਚ ਹੀ ਫਸਿਆ ਪਿਆ ਹੈ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ,
ਤੋਟੇ ਕਉ ਬੇਗਿ ਧਾਇਆ।।
ਸਸਤ ਵਖਰੁ ਤੂੰ ਘਿੰਨਹਿ ਨਾਹੀ,
ਪਾਪੀ ਬਾਧਾ ਰੇਨਾਇਆ।।੧।। (ਪੰਨਾ ੪੦੨)

(ਹੇ ਮੂਰਖ ਮਨ ! ਆਤਮਕ ਜੀਵਨ ਦੇ ਲਾਭ ਵਲੋਂ ਤੂੰ ਬਹੁਤ ਢਿੱਲਾ ਹੈ ਪਰ ਘਾਟੇ ਵਾਲੇ ਸੌਦੇ ਵਾਸਤੇ ਫੱਟ ਦੌੜ ਪੈਂਦਾ ਹੈਂ। ਹੇ ਪਾਪੀ ! ਤੂੰ ਸਸਤਾ ਸੌਦਾ ਨਹੀਂ ਲੈਂਦਾ, ਵਿਕਾਰਾਂ ਦੇ ਕਰਜ਼ੇ (ਰਿਣ) ਨਾਲ ਬੱਝਾ ਪਿਆ ਹੈਂ।।)

ਗੱਲ ਬਿਲਕੁੱਲ ਠੀਕ ਹੈ। ਮਨੁੱਖ ਭਜਨ ਬੰਦਗੀ ਵੱਲ ਮੂੰਹ ਨਹੀਂ ਕਰਦਾ, ਹਰ ਵੇਲੇ ਮਾਇਆ ਪਿੱਛੇ ਹੀ ਦੌੜਿਆ ਫਿਰਦਾ ਹੈ। ਗੁਰੂਦੁਆਰ ਜਾਣ ਵਾਸਤੇ ਇਸ ਕੋਲ ਸਮਾਂ ਨਹੀਂ ਪਰ ਸਾਕਤਾਂ ਦੇ ਨਾਚ ਗਾਣੇ ਦੇਖਦਾ ਸੁਣਦਾ ਅੱਕਦਾ ਥੱਕਦਾ ਹੀ ਨਹੀਂ ਭਾਵੇਂ ਸਾਰੀ ਰਾਤ ਜਾਗਣਾ ਹੀ ਕਿਉਂ ਨਾ ਪਏ। ਅੰਮ੍ਰਿਤ ਇਸ ਨੂੰ ਕੌੜਾ ਲੱਗਦਾ ਹੈ ਪਰ ਸ਼ਰਾਬ ਇਸ ਨੂੰ ਮਿੱਠੀ ਲੱਗਦੀ ਹੈ ਭਾਵੇਂ ਇਸ ਦੇ ਨਸ਼ੇ ਵਿੱਚ ਡਿੱਗੇ ਢੱਠੇ ਦੇ ਕੁੱਤੇ ਹੀ ਮੂੰਹ ਪਏ ਚੱਟਣ। ਹਰਿ ਜਸ ਸੁਣਨ ਤੋਂ ਇਉਂ ਦੌੜਦਾ ਹੈ ਜਿਵੇਂ ਬਿੱਛੂ ਡੰਗ ਮਾਰਦਾ ਹੋਵੇ। ਨਿਗੁਰੇ ਤੋਂ ਅੰਮ੍ਰਿਤ ਛੱਕ ਕੇ ਗੁਰੂ ਵਾਲਾ ਬਣਨ ਨੂੰ ਕਹੋ ਤਾਂ ਸੌ ਬਹਾਨੇ, ਅਖੇ ਛਕ ਲਵਾਂਗੇ, ਹਾਲੇ ਕਿਹੜੀ ਉਮਰ ਬੀਤ ਗਈ ਹੈ, ਜਦ ਕਿ ਜਿੰਦਗੀ ਦਾ ਇੱਕ ਪਲ ਵੀ ਵਿਸਾਹ ਨਹੀਂ, ਦੂਜਾ ਸਾਹ ਆਵੇ ਕਿ ਨਾਂਹ।

ਜਿਹੜੇ ਮਨੁੱਖ ਜੀਉਂਦੇ ਜੀਅ ਨਾਮ ਨਹੀਂ ਜਪਦੇ, ਮਰਨ ਵੇਲੇ ਵੀ ਉਨ੍ਹਾਂ ਦੇ ਮੂੰਹੋਂ *'ਵਾਹਿਗੁਰੂ'* ਨਹੀਂ ਨਿਕਲਦਾ, ਕੰਨ ਵੀ ਗੁਰਬਾਣੀ ਦਾ ਪਾਠ ਸੁਣਨ ਨੂੰ ਤਿਆਰ ਨਹੀਂ ਹੁੰਦੇ। ਅੰਤ ਵੇਲੇ ਵੀ ਉਨ੍ਹਾਂ ਦਾ ਧਿਆਨ ਮਹਿਲ ਮਾੜੀਆਂ, ਧਨ ਦੌਲਤ, ਪੁੱਤਰ, ਇਸਤਰੀ ਆਦਿ ਵੱਲ ਹੀ ਰਹਿੰਦਾ ਹੈ ਜਿਸ ਕਾਰਨ ਉਹ ਮਰ ਕੇ ਪ੍ਰੇਤ, ਸੱਪ, ਸੂਰ ਤੇ ਵੇਸਵਾ ਆਦਿ ਦੀ ਜੂਨ ਵਿੱਚ ਪੈਂਦੇ ਹਨ। ਭਗਤ ਕਬੀਰ ਜੀ ਠੀਕ ਹੀ ਕਹਿੰਦੇ ਹਨ-

ਅਬ ਨ ਭਜਸਿ, ਭਜਸਿ ਕਬ ਭਾਈ।।
ਆਵੈ ਅੰਤੁ, ਨ ਭਜਿਆ ਜਾਈ।।



www.AKJ.Org

ਬੁਢੇਪੇ ਵਿੱਚ ਤਾਂ ਸਰੀਰ ਹੀ ਨਹੀਂ ਸਾਂਭਿਆ ਜਾਂਦਾ, ਭਾਂਤ ਭਾਂਤ ਦੇ ਰੋਗ ਇਕੱਠੇ ਹੋ ਜਾਂਦੇ ਹਨ, ਸਰੀਰਕ ਸ਼ਕਤੀ ਘੱਟ ਜਾਂਦੀ ਹੈ, ਅੱਖਾਂ ਦੀ ਜੋਤ ਵਿੱਚ ਕਮੀ ਆ ਜਾਂਦੀ ਹੈ, ਕੰਨ ਚੰਗੀ ਤਰ੍ਹਾਂ ਸੁਣ ਨਹੀਂ ਸਕਦੇ, ਜੀਭ ਸਪਸ਼ਟ ਬੋਲ ਨਹੀਂ ਸਕਦੀ, ਮੱਤ ਹਿੱਲ ਜਾਂਦੀ ਹੈ, ਹੱਥ, ਪੈਰ, ਸਿਰ ਕੰਬਣ ਲੱਗ ਜਾਂਦੇ ਹਨ, ਬੁਢੇਪੇ ਦਾ ਰੋਗੀ ਦੂਜਿਆਂ ਵਾਸਤੇ ਭਾਰ ਬਣ ਜਾਂਦਾ ਹੈ, ਹਰ ਵੇਲੇ ਹਾਏ ਤੋਬਾ ਕਰਦਾ ਹੀ ਮੰਜੇ ਪਿਆ ਹੱਡ ਰਗੜਦਾ ਹੈ। ਅਜੇਹੀ ਹਾਲਤ ਵਿੱਚ ਆਮ ਬੰਦੇ ਕੋਲੋਂ ਨਾਮ ਨਹੀਂ ਜਪਿਆ ਜਾਂਦਾ। ਇਸੇ ਕਰਕੇ ਕਬੀਰ ਜੀ ਕਹਿੰਦੇ ਹਨ-

ਜਬ ਲਗੁ ਜਰਾ ਰੋਗੁ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥

ਕਬੀਰ ਸਾਹਿਬ ਤਾਂ ਪੁਕਾਰ ਪੁਕਾਰ ਕੇ ਕਹਿ ਰਹੇ ਹਨ-

"ਭਜਿ ਲੇਹਿ ਰੇ ਮਨ ਸਾਰਿਗਪਾਨੀ" ਪਰ ਮੂਰਖ ਮਨ ਨੂੰ ਸਮਝ ਨਹੀਂ ਪੈਂਦੀ, ਝੂਠੀ ਮਾਇਆ ਵਿੱਚ ਗਲਤਾਨ ਹੋਇਆ ਏਧਰ ਧਿਆਨ ਹੀ ਨਹੀਂ ਦਿੰਦਾ। ਜਿਸ ਮਨੁੱਖਾ ਦੇਹੀ (ਮੌਕੇ) ਨੂੰ ਦੇਵਤੇ ਤਰਸਦੇ ਹਨ, ਇਹ ਉਸ ਨੂੰ ਮਾਇਆ ਦੇ ਲਾਲਚ ਵਿੱਚ ਫਸਿਆ ਅਜਾਈਂ ਗੁਆ ਰਿਹਾ ਹੈ। ਜੁਆਰੀ ਮਨੁੱਖ ਜੀਵਨ ਦੀ ਬਾਜ਼ੀ ਹਾਰ ਕੇ ਕਬਰਾਂ ਵਿੱਚ ਜਾ ਪੈਂਦਾ ਹੈ। ਫਰੀਦ ਸਾਹਿਬ ਦਾ ਕਥਨ ਹੈ-

ਫਰੀਦਾ ਕੋਠੇ ਮੰਡਪ ਮਾੜੀਆ
ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ,
ਗੋਰੀ ਆਇ ਪਏ॥੪੬॥ (ਪੰਨਾ ੧੩੮੦)

ਜਿਹੜੇ ਮਨੁੱਖ ਮਾਇਆ ਦੇ ਫੰਦੇ ਵਿੱਚ ਫਸ ਜਾਂਦੇ ਹਨ ਉਹ ਕਾਮਾਦਿਕ ਕਾਰਿੰਦਿਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਗੁਲਾਮ ਬਣ ਕੇ *'ਕੂੜੇ ਸੌਦੇ'* ਵਿੱਚ ਪੈ ਜਾਂਦੇ ਹਨ ਪਰ ਜਿਨ੍ਹਾਂ ਤੇ ਅਕਾਲ ਪੁਰਖ ਦੀ ਨਦਰ ਹੁੰਦੀ ਹੈ ਉਹ ਗੁਰੂ ਦੀ ਸ਼ਰਨ ਪੈ ਕੇ ਸੱਚੇ ਸੌਦੇ (ਨਾਮ-ਸਿਮਰਨ) ਦੇ ਵਾਪਾਰੀ ਬਣ ਕੇ ਨਾਮ-ਧਨ ਵਿਹਾਜਦੇ ਹਨ ਅਤੇ ਜੀਵਨ ਦੀ ਬਾਜ਼ੀ ਜਿੱਤ ਕੇ ਉੱਜਲ ਮੁੱਖ (ਸੁਰਖ-ਰੂ) ਲੈ ਕੇ ਪਰਮਾਤਮਾ ਦੀ ਦਰਗਾਹ ਵਿੱਚ ਪਹੁੰਚਦੇ ਹਨ। ਅਜੇਹੇ ਗੁਰੂ ਕੇ ਲਾਲ ਜਨਮ-ਮਰਨ ਦੇ ਗੇੜ ਵਿੱਚ ਨਹੀਂ ਪੈਂਦੇ, ਪ੍ਰਭੂ ਦੀ ਹਜ਼ੂਰੀ ਵਿੱਚ ਕਾਰ ਕਰਦੇ ਹਨ।

ਸੋ ਸੇਵਕੁ ਜੋ ਲਾਇਆ ਸੇਵ॥
ਤਿਨ ਹੀ ਪਾਏ ਨਿਰੰਜਨ ਦੇਵ॥
ਗੁਰ ਮਿਲਿ ਤਾ ਕੇ ਖੁਲੇ ਕਪਾਟ॥
ਬਹੁਰਿ ਨ ਆਵੈ ਜੋਨੀ ਬਾਟ॥੪॥

"ਗੁਰ ਮਿਲਿ ਤਾ ਕੇ ਖੁਲੇ ਕਪਾਟ", ਹਾਂ ਜੀ ! ਗੁਰ-ਦਰਸਾਈ ਨਾਮ-ਸਿਮਰਨ ਦੀ ਸੁੱਚੀ ਕਾਰ ਕਰਨ ਨਾਲ ਗੁਰੂ ਪਿਆਰੇ ਸੇਵਕਾਂ ਦੇ ਕਪਾਟ ਖੁੱਲ੍ਹ ਜਾਂਦੇ ਹਨ, ਹਾਂ ! ਹਾਂ ! ਦਸਮ ਦੁਆਰ ਖੁੱਲ੍ਹ ਜਾਂਦਾ ਹੈ, ਜੀਵ-ਆਤਮਾ ਦਾ ਪਰਮ-ਆਤਮਾ (ਪਰਮਾਤਮਾ) ਨਾਲ ਮੇਲ ਹੋ ਜਾਂਦਾ ਹੈ। ਤਾਂ ਤੇ ਪਿਆਰਿਓ ! ਆਓ ਅਸੀਂ ਭੀ ਕਬੀਰ ਸਾਹਿਬ ਦੇ ਹੇਠਲੇ ਬਚਨਾਂ ਨੂੰ ਹਿਰਦੇ ਵਿੱਚ ਵਸਾਈਏ-

ਭਜਹੁ ਗੋਬਿੰਦ, ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥੧॥ਰਹਾਉ॥

## ਧਰਮ ਦਾ ਪ੍ਰਚਾਰ

ਧਰਮ ਦਾ ਪ੍ਰਚਾਰ ਕਰਨ ਵਾਸਤੇ ਪਹਿਲੋਂ ਆਪ ਧਰਮੀ ਬਣਨਾ ਬਹੁਤ ਜ਼ਰੂਰੀ ਹੈ। ਅਧਰਮੀ ਬੰਦਾ ਧਰਮ ਦੀ ਉਲਟੀ ਵਿਆਖਿਆ ਹੀ ਕਰੇਗਾ ਅਤੇ ਲੋਕਾਂ ਨੂੰ ਕੁਰਾਹੇ ਹੀ ਪਾਏਗਾ, ਆਪ ਵੀ ਡੁੱਬੇਗਾ ਅਤੇ ਦੂਜਿਆਂ ਨੂੰ ਵੀ ਡੋਬੇਗਾ।

"ਅਵਰ ਉਪਦੇਸੈ, ਆਪਿ ਨ ਕਰੈ, ਆਵਤ ਜਾਵਤ, ਜਨਮੈ ਮਰੈ॥"

(ਪੰਜਵੀਂ ਅਸਟਪਦੀ, ਸੁਖਮਨੀ ਸਾਹਿਬ)

## ਕੁਰਹਿਤੀਆ ਮੈਂਬਰ

ਜਿਹੜਾ ਸਿੱਖ ਆਪ *'ਰਹਿਤ ਮਰਯਾਦਾ'* ਅੰਦਰ ਨਹੀਂ, ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣ ਕੇ ਕੀ ਚੰਦ ਚਾੜ੍ਹੇਗਾ ? ਖਰਾਬੀ ਹੀ ਖਰਾਬੀ ਪੈਦਾ ਕਰੇਗਾ, ਝੋਲੀ ਚੁੱਕ ਬਣ ਕੇ ਧੜੇਬੰਦੀ ਹੀ ਪੈਦਾ ਕਰੇਗਾ, ਗੁਰਦੁਆਰੇ ਦੇ ਸ਼ਾਂਤ ਵਾਤਾਵਰਨ ਨੂੰ ਲੜਾਈ ਝਗੜੇ ਅਤੇ ਵਾਦ ਵਿਵਾਦ ਦਾ ਅੱਡਾ ਹੀ ਬਣਾਏਗਾ।


www.AKJ.Org

# ਨਾਮ ਦੇ ਵਾਪਾਰੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਵਣਜਾਰੇ ਤਾਂ ਬਹੁ ਭਾਂਤੀ ਹਨ, ਪਰ ਸ਼ੁਸ਼ਕ ਮੁੱਲੀਆਂ ਵਸਤਾਂ ਦੇ। ਖੋਟੀਆਂ ਵਸਤਾਂ ਦੀ ਖੇਪ ਲੱਦ ਕੇ ਲੈ ਚੱਲਣ ਵਾਲਾ ਤਾਂ ਸਾਰਾ ਸੰਸਾਰ ਹੈ। ਖਰੇ ਸੌਦੇ ਦਾ ਖਰੀਦਦਾਰ ਅਤੇ ਤੱਤ ਵਸਤੂ ਦਾ ਵਿਹਾਜਣਹਾਰਾ ਕੋਈ ਵਿਰਲਾ ਹੀ ਹੈ। ਸੱਚ ਤਾਂ ਇਹ ਹੈ ਕਿ ਵਿਹਾਜਣ ਯੋਗ ਵਖਰ ਦੀ ਸਾਰ ਹੀ ਵਿਰਲੀ ਵਾਂਜੀ ਹੈ। ਅਸਾਨੂੰ ਇਤਨਾ ਪਤਾ ਤੱਕ ਨਹੀਂ ਕਿ ਅਸਾਂ ਸੰਸਾਰ ਵਿੱਚ ਆ ਕੇ ਖੱਟ ਕੇ ਲੈ ਜਾਣਾ ਕੀ ਹੈ ? ਜਿਨ੍ਹਾਂ ਪਦਾਰਥਾਂ ਦੇ ਖੱਟਣ ਹਿੱਤ ਅਸੀਂ ਨਿਤਾਪ੍ਰਤ ਖੱਪ ਖੱਪ ਮਰਦੇ ਹਾਂ, ਉਹਨਾਂ ਨੂੰ ਖੱਟ ਕਮਾ ਕੇ ਅਸਾਂ ਇਥੇ ਦੇ ਇਥੇ ਹੀ ਛੱਡ ਜਾਣਾ ਹੈ। ਇੱਕ ਵਿਖ ਉਹ ਪਦਾਰਥ ਅਸਾਡੇ ਨਾਲ ਨਹੀਂ ਜਾਂਦੇ, ਸਗੋਂ ਅੰਤੀ ਵਾਰ ਉਲਟੇ ਦੁਖਦਾਈ ਹੁੰਦੇ ਹਨ। ਨਿੱਤ ਨਵੇਂ ਦਿਨ ਦੇਖੀਦਾ ਹੈ ਕਿ ਖੱਟੇ ਪਦਾਰਥਾਂ ਨੂੰ ਛੱਡ ਕੇ ਸਭ ਖਾਲੀ ਹੱਥ ਤੁਰੇ ਜਾਂਦੇ ਹਨ। ਫਿਰ ਉਹਨਾਂ ਪਦਾਰਥਾਂ ਦੇ ਖੱਟਣ ਨੂੰ ਹੀ ਖ਼ਫ਼ਾਖੂਨ ਹੁੰਦੇ ਫਿਰਦੇ ਹਾਂ। 'ਕੂੜਾ ਸਉਦਾ ਕਰਿ ਗਏ' (ਸਲੋਕ ਫਰੀਦ ਜੀ, ਪੰਨਾ ੧੩੮੦) ਦੇਖ ਕੇ ਭੀ ਅਸੀਂ ਉਹਨਾਂ ਕਸੌਦਿਆਂ ਨੂੰ ਹੱਥ ਪਾਉਂਦੇ ਹਾਂ। ਸੱਚੇ ਸੌਦੇ ਦੀ ਸਾਰ ਇੱਕ ਨਿਮਖ ਮਾਤਰ ਭੀ ਨਹੀਂ ਆਉਂਦੀ। ਇਹ ਗੱਲ ਸੁਝਦੀ ਹੀ ਨਹੀਂ ਕਿ ਅਸੀਂ ਕਿਸ ਸੌਦੇ ਨੂੰ ਕਿਸ ਵਖਰ ਨੂੰ ਵਿਹਾਜਣ ਆਏ ਹਾਂ। ਇਤਨੀ ਭੀ ਨਹੀਂ ਔੜਦੀ ਕਿ ਅਸੀਂ ਆਏ ਹਾਂ ਤਾਂ ਕਿਸ ਲਈ ਆਏ ਹਾਂ। ਇਸ ਦਸ਼ਾ ਦੇ ਹੁੰਦਿਆਂ ਭੀ ਅਸਾਡੇ ਉੱਤੇ ਇਸ ਗੁਰਵਾਕ ਦੀ ਤਾੜਨਾ (ਸੱਟ) ਪੈਂਦੀ ਨਹੀਂ ਖੁਟਕਦੀ। ਗੁਰਵਾਕ :-

ਆਵਨ ਆਏ ਸ੍ਰਿਸਟਿ ਮਹਿ
ਬਿਨੁ ਬੂਝੇ ਪਸੁ ਢੋਰ।।੧।।(੬)
(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੧)

ਇਹ ਗੱਲ ਸੱਚ ਹੈ ਕਿ ਅਜਿਹੀ ਔੜਨੀ ਦਾ ਆਪੋਂ ਔੜਨਾ, ਅਜਿਹੀ ਬੁਝਾਰਤ ਦਾ ਆਪੋਂ ਬੁਝਣਾ ਅਤਿਅੰਤ ਹੀ ਅਸੰਭਵ ਗੱਲ ਹੈ। ਪਰ ਜੇ ਬੁਝਾਈ ਵਸਤ ਭੀ ਨਾ ਬੁਝੀ ਜਾਏ, ਫੇਰ ਕੋਈ ਥਾਂ ਮੁਕਰਨ ਨੂੰ ਹੈ ? ਸਤਿਗੁਰੂ ਗੁਰੂ ਨਾਨਕ ਦੇਵ ਜੀ ਇਹ ਢੰਡੋਰਾ ਫੇਰਨ ਸ੍ਰਿਸ਼ਟੀ ਉਤੇ ਆਏ ਅਤੇ ਡੰਕੇ ਦੀ ਚੋਟ ਨਾਲ ਵਿਹਾਜਣ ਯੋਗ ਵਸਤੂ ਤੋਂ ਘੁਥੀ ਜਾਂਦੀ ਲੁਕਾਈ ਨੂੰ ਦਸਿਆ, ਕਿ :-

ਜਿਸੁ ਵਖਰ ਕਉ ਲੈਨਿ ਤੂ ਆਇਆ।।
ਰਾਮ ਨਾਮੁ ਸੰਤਨ ਘਰਿ ਪਾਇਆ।।
ਤਜਿ ਅਭਿਮਾਨੁ ਲੇਹੁ ਮਨ ਮੋਲਿ।।
ਰਾਮ ਨਾਮੁ ਹਿਰਦੇ ਮਹਿ ਤੋਲਿ।।
ਲਾਦਿ ਖੇਪ ਸੰਤਹ ਸੰਗਿ ਚਾਲੁ।।
ਅਵਰ ਤਿਆਗਿ ਬਿਖਿਆ ਜੰਜਾਲ।।
ਧੰਨਿ ਧੰਨਿ ਕਹੈ ਸਭੁ ਕੋਇ।।
ਮੁਖ ਊਜਲ ਹਰਿ ਦਰਗਹ ਸੋਇ।।
ਇਹੁ ਵਾਪਾਰੁ ਵਿਰਲਾ ਵਾਪਾਰੈ।।
ਨਾਨਕ ਤਾ ਕੈ ਸਦ ਬਲਿਹਾਰੈ।।੫।। (੧੫)
(ਗਉੜੀ ਸੁਖਮਨੀ ਮ: ੫, ਪੰਨਾ ੨੮੩)

ਦਸ ਜਾਮੇ ਧਾਰ ਕੇ ਇਥੇ ਸੱਚੇ ਵਾਪਾਰੀ ਬਣਾਉਣ ਲਈ ਨਾਮ ਦਾ ਖੰਡਾ ਖੜਕਾਇਆ ਅਤੇ ਹੁਣ ਦਸਾਂ ਗੁਰਾਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਭੀ ਇਸੇ ਨਾਮ ਦੇ ਵਾਪਾਰ ਦਾ ਹੀ ਨਗਾਰਾ ਬਜਾਉਂਦੇ ਹਨ। ਸਹਾਰ ਸਹਾਰ ਕੇ ਚੋਟਾਂ ਲਗਾਉਂਦੇ ਹਨ। ਘੂਕ ਸੁੱਤਿਆਂ ਨੂੰ ਬਥੇਰਾ ਜਗਾਉਂਦੇ ਹਨ। ਪਰ ਅਸੀਂ ਹਾਂ ਕਿ ਜਿਮਕਦੇ ਭੀ ਨਹੀਂ। ਅਸੀਂ ਹਾਂ ਕਿ ਕੰਨ ਵਲ੍ਹੇਟੀ ਪਏ ਹਾਂ, ਕੁਸਕਦੇ ਭੀ ਨਹੀਂ, ਰੰਚਕ ਪਸੀਜਦੇ ਨਹੀਂ। ਅਸਾਡੇ ਕੋਲੋਂ ਹੀ ਸਚਿਆਰ ਸਿੱਖ ਲਾਹਾ ਲਈ ਜਾਂਦੇ ਹਨ। ਤਿਨ੍ਹਾਂ ਨੂੰ ਦੇਖ ਦੇਖ ਕੇ ਭੀ ਅਸਾਡੇ ਚਿੱਤ ਚਾਉ ਨਹੀਂ ਉੱਠਦਾ। ਸਤਿਗੁਰੂ ਦੇ ਬਣ ਕੇ, ਗੁਰੂ ਦੇ ਗ੍ਰਿਹ ਵਿਖੇ ਸੱਚਾ ਜਨਮ ਧਾਰ ਕੇ ਭੀ ਜੇ ਅਸੀਂ ਨਾਮ ਦੇ ਵਾਪਾਰੀ ਨਹੀਂ ਬਣੇ ਤਾਂ ਅਸੀਂ ਗੁਰੂ ਘਰ ਤੋਂ ਵਾਂਝੇ ਹੋਇਆਂ ਬਪੜੇ ਸੰਸਾਰੀਆਂ ਉਤੇ ਕੀ ਰੋਸ ਦੋਸ਼ ਚਿਤਾਰਨਾ ਹੈ। ਨਾਮ ਦੇ ਵਾਪਾਰੀ ਗੁਰਸਿੱਖਾਂ ਦੀ ਮਹਿਮਾ ਗੁਰੂ ਜੀ ਇਸ ਬਿਧ ਕਰਦੇ ਹਨ। ਯਥਾ ਗੁਰਵਾਕ :-

ਜਨੁ ਨਾਨਕੁ ਧੂੜਿ ਮੰਗੈ
ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ
ਨਾਮੁ ਜਪਾਵੈ।।੨।। (੧੧)
(ਗਉੜੀ ਕੀ ਵਾਰ ਮ: ੪, ਪੰਨਾ ੩੦੬)

ਨਾਮ ਦੇ ਵਾਪਾਰੀ ਦਾ ਇਹ ਵਾਪਾਰ ਇਕ ਅਜਿਹਾ ਵਾਪਾਰ ਹੈ ਜੋ ਲੋਕ ਪਰਲੋਕ ਵਿਚ ਜੀਅ

(ਬਾਕੀ ਪੰਨਾ ੮ ਤੇ ..............)



www.AKJ.Org

# ਮੇਰੈ ਅੰਤਰਿ ਲੋਚਾ ਮਿਲਣ ਕੀ (੨)

(ਭਾਈ ਜਸਬੀਰ ਸਿੰਘ ਖਾਲਸਾ)

ਲੜੀ ਜੋੜਨ ਲਈ ਦੇਖੋ 'ਸੂਰਾ' ਸਤੰਬਰ, ੯੬........

ਸਤਿਗੁਰੂ ਕਹਿੰਦੇ ਹਨ ਕਿ ਹੇ ਭਾਈ ! ਜੇ ਤੈਨੂੰ ਨਾਮ ਦੀ ਭੁੱਖ ਨਹੀਂ ਲੱਗਦੀ ਤਾਂ ਤੂੰ ਨਿਤਾਪ੍ਰਤੀ ਕੀਰਤਨ ਤੇ ਕਥਾ ਦਾ ਚੂਰਨ ਛਕਿਆ ਕਰ, ਤੈਨੂੰ ਨਾਮ ਦੀ ਭੁੱਖ ਲੱਗਣ ਲੱਗ ਜਾਵੇਗੀ। ਸੰਗਤ ਵਿੱਚ ਜਾਣ ਵਿੱਚ ਨਾਗਾ ਨਹੀਂ ਪੈਣਾ ਚਾਹੀਦਾ। ਜਿਵੇਂ ਜਿਵੇਂ ਗੁਰੂ ਘਰ ਜਾ ਕੇ ਕੀਰਤਨ ਤੇ ਗੁਰਸ਼ਬਦ ਵੀਚਾਰ ਸੁਣੀ ਜਾਵੇਗੀ, ਨਾਮ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਵੇਗੀ। ਜਦੋਂ ਅੰਦਰ ਤਾਂਘ ਉਪਜਦੀ ਹੈ ਉਸ ਤਾਂਘ ਦੇ ਮੁਤਾਬਿਕ ਪਿਆਸ ਉਪਜਦੀ ਹੈ। ਫਿਰ ਜੈਸੀ ਪਿਆਸ ਹੋਵੇਗੀ ਤੈਸੀ ਦੇਖਣੀ ਬਣ ਜਾਵੇਗੀ। ਜੇ ਲੋਭੀ ਨੂੰ ਧਨ ਦੀ ਪਿਆਸ ਹੈ ਤਾਂ ਉਸਦੀਆਂ ਅੱਖਾਂ ਧਨ ਲੱਭਦੀਆਂ ਹਨ। ਉਸ ਨੂੰ ਹੋਰ ਕੁੱਝ ਨਜ਼ਰ ਨਹੀਂ ਆਉਂਦਾ। ਇਹ ਅੱਖਾਂ ਕੁਦਰਤ ਨੂੰ ਵੇਖ ਲੈਂਦੀਆਂ ਹਨ ਪਰ ਪਰਮਾਤਮਾ ਤਾਂ ਅੰਦਰ ਬੈਠਾ ਹੈ, ਇਹ ਅੱਖਾਂ ਅੰਦਰ ਕਿਵੇਂ ਜਾਣ ? ਇਹ ਅੱਖਾਂ ਖੁਦ ਆਪਣੇ ਅੰਦਰ ਪਏ ਹੋਏ ਸੁਰਮੇ ਨੂੰ ਨਹੀਂ ਵੇਖ ਸਕਦੀਆਂ। ਦੂਰ ਪਈਆਂ ਚੀਜ਼ਾਂ ਤਾਂ ਵੇਖ ਲੈਂਦੀਆਂ ਹਨ, ਸੁਰਮਾ ਅੱਖਾਂ ਦੇ ਕਿੰਨਾ ਨਜ਼ਦੀਕ ਹੈ ਪਰ ਨਹੀਂ ਵੇਖ ਸਕਦੀਆਂ। ਫਿਰ ਉਹ ਅੱਖਾਂ ਕਿਹੜੀਆਂ ਹਨ ? ਜੋ ਦਰਸ਼ਨਾਂ ਦੀ ਪਿਆਸ ਹੈ ਤਾਂ ਵੇਖਣ ਵਾਲੀਆਂ ਅੱਖਾਂ ਕਿਹੜੀਆਂ ਹਨ ? ਯਾਦ ਰੱਖਣਾ, ਅੱਖਾਂ ਨਹੀਂ ਵੇਖਦੀਆਂ, ਅੱਖਾਂ ਰਾਹੀਂ ਵੇਖਿਆ ਜਾਂਦਾ ਹੈ। ਕੰਨ ਨਹੀਂ ਸੁਣਦੇ, ਕੰਨਾਂ ਰਾਹੀਂ ਸੁਣਿਆ ਜਾਂਦਾ ਹੈ। ਜੀਭ ਨਹੀਂ ਬੋਲਦੀ, ਜੀਭ ਰਾਹੀਂ ਬੋਲਿਆ ਜਾਂਦਾ ਹੈ। ਬੇਸੁਰਤ ਬੰਦੇ ਦੀਆਂ ਅੱਖਾਂ ਤਾਂ ਖੁੱਲ੍ਹੀਆਂ ਹੁੰਦੀਆਂ ਹਨ ਪਰ ਵੇਖ ਨਹੀਂ ਸਕਦੀਆਂ। ਅੱਖਾਂ ਨਹੀਂ, ਸੁਰਤ ਵੇਖਦੀ ਹੈ। ਜੈਸੀ ਅੰਦਰ ਪਿਆਸ ਹੋਏਗੀ ਉਸਦੇ ਮੁਤਾਬਿਕ ਦੇਖਣੀ ਹੋਏਗੀ। ਵੇਖਣੀ ਭਗਤ ਫਰੀਦ ਦੀ ਹੈ। ਕਾਲੀ ਕੋਇਲ ਨੂੰ ਦੇਖ ਰਹੇ ਹਨ, ਕਿਸ ਅਵਸਥਾ ਵਿੱਚ ਦੇਖ ਰਹੇ ਹਨ? ਸੰਸਾਰ ਭੀ ਤਾਂ ਪੰਛੀ ਵੇਖਦਾ ਹੈ। ਇੱਕ ਬੰਦਾ ਕਾਲੇ ਰੰਗ ਦਾ ਪੰਛੀ ਵੇਖ ਕੇ ਚਲਾ ਗਿਆ, ਉਸਨੇ ਕੁੱਝ ਵੀ ਮਹਿਸੂਸ ਨਹੀਂ ਕੀਤਾ। ਪਰ ਇੱਕ ਐਸੀ ਦੇਖਣੀ ਵਿੱਚ ਦੇਖਣ ਲੱਗ ਪਿਆ, ਜੈਸੀ ਉਸਦੇ ਅੰਦਰ ਪਿਆਸ ਸੀ। ਉਸ ਪਿਆਸ ਦੇ ਮੁਤਾਬਿਕ ਉਸ ਪੰਛੀ ਨੂੰ ਵੇਖਿਆ ਤੇ ਕਿਹਾ, *"ਹੇ ਕੋਇਲ ! ਤੇਰੀ ਆਵਾਜ਼ ਬੜੀ ਸੋਹਣੀ ਹੈ, ਤੇਰਾ ਗਲਾ ਬੜਾ ਸੋਹਣਾ ਹੈ, ਤੂੰ ਬੜਾ ਸੁੰਦਰ ਬਿਰਹੋਂ ਦਾ ਰਾਗ ਗਾਉਂਦੀ ਹੈ ਪਰ ਇਹ ਦਸ ਤੇਰਾ ਰੰਗ ਕਿਉਂ ਕਾਲਾ ਹੈ ?"*

"ਕਾਲੀ ਕੋਇਲ ਤੂ ਕਿਤ ਗੁਨ ਕਾਲੀ।।"

(ਪੰਨਾ ੭੯੪)

ਉਹ ਭਗਤ ਦੀ ਵੇਖਣੀ ਕੈਸੀ ਸੀ ? ਫਿਰ ਆਪ ਹੀ ਅਨੁਭਵ ਕਰਕੇ ਕਹਿੰਦੇ ਹਨ, *"ਇਉਂ ਲੱਗਦਾ ਹੈ ਕਿ ਤੈਨੂੰ ਭੀ ਮੇਰੇ ਵਾਂਗੂੰ ਸੱਜਣ ਦਾ ਵਿਛੋੜਾ ਹੈ। ਮੈਂ ਭੀ ਹਰ ਸਮੇਂ ਆਪਣੇ ਸੱਜਣ ਦੀ ਯਾਦ ਵਿੱਚ ਰਹਿੰਦਾ ਹਾਂ। ਤੂੰ ਭੀ ਆਪਣੇ ਸੱਜਣ ਦੀ ਯਾਦ ਵਿੱਚ ਰਹਿੰਦੀ ਹੈ। ਤੂੰ ਸੱਜਣ ਦੀ ਯਾਦ ਵਿੱਚ ਗੀਤ ਗਾਉਂਦੀ ਹੈ।"* ਸੱਚਮੁੱਚ ਜੋ ਸੱਜਣ ਦੀ ਯਾਦ ਵਿੱਚ ਰਹਿੰਦੇ ਹਨ ਉਨ੍ਹਾਂ ਦੀ ਇਹ ਅਵਸਥਾ ਹੈ। ਭਾਈ ਨੰਦ ਲਾਲ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਪੁੱਛਦੇ ਹਨ ਕਿ ਇਹ ਆਕਾਸ਼ ਦਾ ਰੰਗ ਕਿਉਂ ਧੁੰਦਲਾ ਹੈ ? ਭਾਈ ਨੰਦ ਲਾਲ ਸਿੰਘ ਜੀ ਕਹਿਣ ਲੱਗੇ, *"ਅੰਤਰਜਾਮੀ ਸਤਿਗੁਰੂ ਜੀਉ ! ਆਪ ਸਮਰਥ ਹੋ। ਸਭ ਕੁੱਝ ਤੁਹਾਡਾ ਹੀ ਰਚਿਆ ਹੋਇਆ ਹੈ।"* ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ, *"ਭਾਈ ਨੰਦ ਲਾਲ ਸਿੰਘ ਜੀ ਤੁਸੀਂ ਜ਼ਰੂਰ ਦਸੋ ਕਿ ਆਕਾਸ਼ ਦਾ ਰੰਗ ਕਿਉਂ ਧੁੰਦਲਾ ਹੈ ?"* ਭਾਈ ਨੰਦ ਲਾਲ ਸਿੰਘ ਜੀ ਕਹਿਣ ਲੱਗੇ, *"ਜੇਕਰ ਆਪ ਜੀ ਸਚਮੁੱਚ ਹੀ ਪੁੱਛਣਾ ਚਾਹੁੰਦੇ ਹੋ ਤਾਂ ਗੱਲ ਇਹ ਹੈ ਕਿ ਜਦੋਂ ਆਪ ਜੀ ਦੇ ਚਰਨਾਂ ਨਾਲੋਂ ਵਿਛੋੜਾ ਪੈਂਦਾ ਹੈ, ਮੇਰੇ ਅੰਦਰੋਂ ਠੰਢੇ ਹਉਕੇ ਨਿਕਲਦੇ ਹਨ, ਉਨ੍ਹਾਂ ਦੇ ਨਾਲ ਆਕਾਸ਼ ਧੁੰਦਲਾ ਹੋ ਗਿਆ ਹੈ।"* ਐਸੀ ਹੈ ਸੱਜਣ ਦੀ ਯਾਦ। ਭਾਈ ਨੰਦ ਲਾਲ ਸਿੰਘ ਜੀ ਨੂੰ ਆਕਾਸ਼ ਦਾ ਰੰਗ ਇਸ ਕਰਕੇ ਧੁੰਦਲਾ ਨਜ਼ਰ ਆਉਂਦਾ ਹੈ ਕਿਉਂਕਿ ਅੰਦਰ ਦੀ ਗੱਲ ਕੁੱਝ ਹੋਰ ਹੈ। ਉਸ ਅੰਦਰਲੀ ਗੱਲ ਦੇ ਮੁਤਾਬਿਕ ਦੇਖਣੀ ਹੈ। ਦੇਖਣ ਵਾਸਤੇ ਤਿੰਨ ਗੱਲਾਂ ਬੜੀਆਂ ਜ਼ਰੂਰੀ ਹੁੰਦੀਆਂ ਹਨ। ਪਹਿਲੀ ਗੱਲ ਦੇਖਣ ਵਾਸਤੇ ਪ੍ਰਕਾਸ਼ ਚਾਹੀਦਾ ਹੈ। ਹਨ੍ਹੇਰੇ ਵਿੱਚ ਕੋਲ ਪਈ ਵਸਤੂ ਭੀ ਅੱਖਾਂ ਨਹੀਂ ਦੇਖ ਸਕਦੀਆਂ। ਦੂਸਰੀ ਗੱਲ ਇਹ ਹੈ ਕਿ ਜਿਹੜੀ ਦੇਖਣ ਵਾਲੀ ਵਸਤੂ ਹੈ ਵੇਖਣ ਖੇਤਰ ਵਿੱਚ ਹੋਣੀ ਚਾਹੀਦੀ ਹੈ। ਜੇ ਦੀਵਾਰ ਦੇ ਉਹਲੇ ਕੋਈ ਵਸਤੂ ਰੱਖ ਦੇਵੇ ਤੇ ਕਹੀਏ ਇਸ ਵਸਤੂ ਨੂੰ ਅੱਖਾਂ ਵੇਖ ਲੈਣ, ਨਾ ਮੁਮਕਿਨ ਹੈ। ਤੀਸਰੀ ਗੱਲ ਹੈ ਵੇਖਣ ਵਾਸਤੇ ਸਾਨੂੰ ਨਰੋਈਆਂ ਅੱਖਾਂ ਚਾਹੀਦੀਆਂ ਹਨ, ਕੁੱਕਰੇ ਨਹੀਂ ਹੋਣੇ ਚਾਹੀਦੇ, ਅੱਖਾਂ ਵਿੱਚ ਮੋਤੀਆ ਨਹੀਂ ਚਾਹੀਦਾ। ਜੇ ਅੱਖਾਂ ਨਾਲ ਸੰਸਾਰ ਵੇਖਣ ਵਾਸਤੇ ਤਿੰਨ ਗੱਲਾਂ ਚਾਹੀਦੀਆਂ ਹਨ ਪਰ ਕੁੱਝ ਅੰਤਰ ਹੈ। ਨਿਰੰਕਾਰ ਦੇ ਦਰਸ਼ਨਾਂ ਲਈ ਅੰਦਰ ਪਿਆਸ ਹੋਵੇ ਤਾਂ ਫਿਰ ਵੇਖਣ ਵਾਸਤੇ ਪ੍ਰਕਾਸ਼



www.AKJ.Org

ਚਾਹੀਦਾ ਹੈ। ਕੀ ਸੂਰਜ ਦਾ ਪ੍ਰਕਾਸ਼ ਚਾਹੀਦਾ ਹੈ ? ਨਹੀਂ। ਫਿਰ ਨੇਤਰਹੀਣ ਕਿਵੇਂ ਵੇਖੇਗਾ ? ਜੇ ਸਿਰਫ਼ ਸੂਰਜ ਦੇ ਪ੍ਰਕਾਸ਼ ਦੀ ਗੱਲ ਕਰੀਏ ਤਾਂ ਕਮਰੇ ਦੇ ਅੰਦਰ ਕਮਰੇ, ਫਿਰ ਅੰਦਰ ਹੋਰ ਕਮਰੇ ਹੋਣ ਤਾਂ ਸੂਰਜ ਦੀ ਰੋਸ਼ਨੀ ਨਹੀਂ ਪਹੁੰਚਦੀ। ਜੇ ਸੰਸਾਰ ਦੇ ਪ੍ਰਕਾਸ਼ ਦੇ ਸਾਰੇ ਸਾਧਨ ਭੀ ਵਰਤ ਲਏ ਜਾਣ ਤਾਂ ਭੀ ਨਿਰੰਕਾਰ ਦਿਖਾਈ ਨਹੀਂ ਦੇਵੇਗਾ। "ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ।।" (ਪੰਨਾ ੧੪੩) ਸੰਸਾਰ ਦਾ ਕਿਤਨਾ ਭੀ ਚਾਨਣ ਹੋ ਜਾਏ, ਨੇਤ੍ਰਹੀਣ ਨੂੰ ਦਿਖਾਈ ਨਹੀਂ ਦੇਵੇਗਾ। ਫਿਰ ਉਹ ਪ੍ਰਕਾਸ਼ ਕਿਹੜਾ ਹੈ ਜਿਸ ਨਾਲ ਨਿਰੰਕਾਰ ਨਜ਼ਰ ਆਵੇ ? ਉਹ ਪ੍ਰਕਾਸ਼ ਹੈ ਗੁਰੂ। *'ਗੁ'* ਤੋਂ ਭਾਵ ਹਨੇਰਾ ਤੇ *'ਰੂ'* ਤੋਂ ਭਾਵ ਪ੍ਰਕਾਸ਼ ਕਰਨ ਵਾਲਾ। ਸੋ ਨਿਰੰਕਾਰ ਨੂੰ ਵੇਖਣ ਵਾਸਤੇ ਗੁਰੂ ਦੀ ਲੋੜ ਹੈ। ਨਿਰੰਕਾਰ ਨੂੰ ਵੇਖਣ ਵਾਸਤੇ ਗੁਰੂ ਵਾਲਾ ਬਣਨ ਦੀ ਲੋੜ ਹੈ। ਨਿਰੰਕਾਰ ਨੂੰ ਵੇਖਣ ਵਾਸਤੇ *'ਗੁਰਪ੍ਰਸਾਦਿ'* ਦੀ ਲੋੜ ਹੈ। ਨਿਗੁਰਾ ਜਿਤਨਾ ਮਰਜ਼ੀ ਜਤਨ ਕਰਦਾ ਰਵ੍ਹੇ ਉਹ ਨਿਰੰਕਾਰ ਨੂੰ ਨਹੀਂ ਵੇਖ ਸਕਦਾ। ਸਤਿਗੁਰੂ ਕਹਿੰਦੇ ਹਨ–

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ।।
(ਪੰਨਾ ੭੬੮)

ਕੋਈ ਕਿਤਨਾ ਭੀ ਪਾਠ ਕਰੇ, ਜਪ ਕਰੇ ਪਰ ਬਿਨਾਂ ਸਤਿਗੁਰੂ ਤੋਂ ਭਗਤੀ ਨਹੀਂ ਹੋ ਸਕਦੀ। ਗੁਰੂ ਵਾਲਾ ਬਣ ਕੇ ਪ੍ਰਕਾਸ਼ ਨਜ਼ਰ ਆਏਗਾ। ਨੇਤ੍ਰਹੀਣ ਦੇ ਅੰਦਰ ਭੀ ਗੁਰੂ ਦਾ ਪ੍ਰਕਾਸ਼ ਹੈ। ਜਿਸ ਦੇ ਅੰਦਰ ਗੁਰਸ਼ਬਦ ਦਾ ਪ੍ਰਕਾਸ਼ ਹੋ ਗਿਆ, ਉਸਨੂੰ ਪ੍ਰਭੂ ਦਾ ਮਿਲਾਪ ਹੋ ਗਿਆ।

"ਭੈ ਕੇ ਚਰਣ ਕਰ,
ਭਾਵ ਕੇ ਲੋਇਣ ਸੁਰਤਿ ਕਰੇਇ।।
ਨਾਨਕੁ ਕਹੈ ਸਿਆਣੀਏ
ਇਵ ਕੰਤ ਮਿਲਾਵਾ ਹੋਇ।। (ਪੰਨਾ ੧੩੯)

ਕੁਦਰਤ ਨੂੰ ਤਾਂ ਅਸੀਂ ਬਾਹਰੋਂ ਦੇਖ ਲਵਾਂਗੇ ਪਰ ਪਰਮਾਤਮਾ ਨੂੰ ਤਾਂ ਅੰਦਰੋਂ ਦੇਖਣਾ ਪਏਗਾ। ਜਦੋਂ ਅੰਦਰੋਂ ਨਜ਼ਰ ਆਏਗਾ ਫਿਰ ਸਭ ਵਿੱਚ ਨਜ਼ਰ ਆਏਗਾ ਕਿਉਂਕਿ ਅਜੇ ਤੱਕ ਸਾਨੂੰ ਪ੍ਰਮਾਤਮਾ ਅੰਦਰੋਂ ਨਜ਼ਰ ਨਹੀਂ ਆਇਆ ਇਸ ਲਈ ਅਸੀਂ ਮੂਰਤੀਆਂ ਵਿਚੋਂ ਲੱਭ ਰਹੇ ਹਾਂ, ਪਹਾੜਾਂ ਚੋਂ ਲੱਭਦੇ ਹਾਂ, ਤੀਰਥਾਂ ਦੇ ਕਿਨਾਰਿਆਂ ਚੋਂ ਲੱਭਦੇ ਹਾਂ। ਪਰ ਜਿਸ ਸਮੇਂ ਸਾਨੂੰ ਅੰਦਰੋਂ ਨਜ਼ਰ ਆ ਗਿਆ ਤਾਂ ਸਭ ਵਿਚੋਂ ਨਜ਼ਰ ਆਏਗਾ। ਫਿਰ ਕੋਈ ਬਿਗਾਨਾ ਜਾਂ ਦੁਸ਼ਮਣ ਨਜ਼ਰ ਨਹੀਂ ਆਏਗਾ। ਫਿਰ ਕਿਸੇ ਨਾਲ ਨਫ਼ਰਤ ਨਹੀਂ ਹੋਏਗੀ, ਸਾਰਿਆਂ ਨਾਲ ਪਿਆਰ ਹੋਏਗਾ, ਸਭ ਵਿੱਚ ਓਹੀ ਨਜ਼ਰ ਆਏਗਾ। ਜਦ ਤੱਕ ਉਹ ਆਪਣੇ ਅੰਦਰੋਂ ਹੀ ਨਜ਼ਰ ਨਹੀਂ ਆਇਆ ਫਿਰ ਦੂਜਿਆਂ ਵਿਚੋਂ ਨਜ਼ਰ ਕਿਵੇਂ ਆਏਗਾ ? ਪਰਮਾਤਮਾ ਅੰਦਰ ਹੈ, ਉਸਨੂੰ ਲੱਭਣ ਨਹੀਂ ਜਾਈਦਾ, ਲੱਭਿਆ ਉਸ ਨੂੰ ਜਾਂਦਾ ਹੈ ਜਿਸ ਤੋਂ ਅਸੀਂ ਟੁੱਟੇ ਹੋਏ ਹਾਂ। ਅਸੀਂ ਟੁੱਟੇ ਨਹੀਂ ਹੋਏ, ਅਸੀਂ ਭੁੱਲੇ ਹੋਏ ਹਾਂ, ਅਸੀਂ ਪ੍ਰਮਾਤਮਾ ਦਾ ਅੰਗ ਹਾਂ, ਅਸੀਂ ਪਰਮਾਤਮਾ ਦੀ ਅੰਸ਼ ਹਾਂ ਤਾਂ ਪਰਮਾਤਮਾ ਸਾਡੇ ਸੰਗ ਹੈ। ਅਸੀਂ ਭੁੱਲ ਗਏ ਹਾਂ ਕਿ ਅਸੀਂ ਪ੍ਰਮਾਤਮਾ ਦਾ ਅੰਗ ਹਾਂ। ਭਗਤ ਰਵਿਦਾਸ ਨਹੀਂ ਭੁੱਲੇ ਤੇ ਕਹਿ ਰਹੇ ਹਨ –

"ਕਹਿ ਰਵਿਦਾਸ ਹਾਥ ਪੈ ਨੇਰੈ"(ਪੰਨਾ ੬੫੮)

ਪਰ ਅਸੀਂ ਭੁੱਲ ਗਏ। ਅਸੀਂ ਅੰਦਰ ਬੈਠੇ ਪਰਮਾਤਮਾ ਨੂੰ ਨਹੀਂ ਜਾਣ ਸਕੇ, ਉਸਦੀ ਖ਼ੁਸ਼ਬੂ ਨਹੀਂ ਮਾਣ ਸਕੇ। ਸਤਿਗੁਰੂ ਨੇਤਰਾਂ ਵਿੱਚ ਗਿਆਨ ਦਾ ਅੰਜਨ ਪਾ ਦਿੰਦੇ ਹਨ। ਸੁਰਮੇ ਸੰਸਾਰ ਵਿੱਚ ਕਈ ਹਨ ਜੋ ਅੱਖਾਂ ਵਿਚੋਂ ਕੌੜਾ ਪਾਣੀ ਕੱਢਦੇ ਹਨ ਪਰ ਸਤਿਗੁਰੂ ਤੁਹਾਡਾ ਅੰਜਨ ਕੈਸਾ ਹੈ ਜੋ ਅੰਤਰ ਚਾਨਣ ਦਿੰਦਾ ਹੈ ?

"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ।।" (ਪੰਨਾ ੬੧੦)

ਐਸੇ ਗਿਆਨ ਅੰਜਨ ਨਾਲ ਜਦੋਂ ਅੰਦਰ ਚਾਨਣ ਹੋ ਜਾਏ ਤਾਂ ਸਤਿਗੁਰੂ ਦ੍ਰਿਸ਼ਟੀ ਕਰ ਦਿੰਦੇ ਹਨ। ਜੈਸੀ ਸਾਡੇ ਅੰਦਰ ਪਿਆਸ ਹੋਵੇਗੀ ਤੈਸੀ ਤਾਂਘ ਹੋਵੇਗੀ, ਤੈਸੀ ਹੀ ਦੇਖਣੀ ਹੋਵੇਗੀ। ਜੈਸੀ ਦੇਖਣੀ ਹੋਵੇਗੀ ਤੈਸੀ ਹੀ ਖੋਜ ਹੋਵੇਗੀ। ਜੈਸੀ ਖੋਜ ਹੈ ਤੈਸਾ ਹੀ ਪੁੱਛਣਾ ਹੈ। ਜਦੋਂ ਅਸੀਂ ਕਿਸੇ ਚੀਜ਼ ਦੀ ਖੋਜ ਕਰਦੇ ਹਾਂ ਤਾਂ ਉਸ ਬਾਰੇ ਪੁੱਛਦੇ ਹਾਂ। ਜੇ ਪਰਮਾਤਮਾ ਦੀ ਖੋਜ ਕਰਦੇ ਹਾਂ ਤਾਂ ਉਸ ਬਾਰੇ ਪੁੱਛਦੇ ਹਾਂ। ਸਤਿਗੁਰੂ ਸ਼ਬਦ ਰਾਹੀਂ ਪੁੱਛ ਰਹੇ ਹਨ, *"ਹੇ ਪਿਆਰੇ ! ਮੇਰੇ ਅੰਦਰ ਤੈਨੂੰ ਮਿਲਣ ਦੀ ਲੋਚਾ ਹੈ ਕਿਉਂਕਿ ਅੰਦਰ ਪਿਆਸ ਹੈ।"* ਕਾਸ਼ ! ਅਸੀਂ ਭੀ ਇਸ ਤਰ੍ਹਾਂ ਪੁਛਿਆ ਕਰੀਏ ? ਜਦੋਂ ਗੁਰੂ ਦਰਬਾਰ ਵਿਚ ਆਉਣ ਲਈ ਘਰੋਂ ਤੁਰਦੇ ਹੋ ਤਾਂ ਕਿਸ ਲਈ ਤੁਰਦੇ ਹਾਂ ? ਜਵਾਬ ਹੈ, ਗੁਰੂ ਦੇ ਦਰਸ਼ਨਾਂ ਲਈ। ਇਹ ਦਰਸ਼ਨ ਕੈਸੇ ਹਨ?

ਦਰਸਨ ਪਰਸਨ ਸਰਸਨ ਹਰਸਨ।।
ਰੰਗਿ ਰੰਗੀ ਕਰਤਾਰੀ ਰੇ।। (ਪੰਨਾ ੪੦੪)

ਘਰੋਂ ਗੁਰੂ ਦੇ ਦਰਸ਼ਨਾਂ ਦੀ ਪਿਆਸ ਲੈ ਕੇ ਤੁਰੇ ਪਰ ਰਸਤੇ ਵਿਚ ਆਉਂਦਿਆਂ ਆਉਂਦਿਆਂ ਪਿਆਸ ਹੀ ਬਦਲ ਗਈ। ਘਰੋਂ ਤੁਰੇ ਸੀ ਗੁਰੂ ਦੇ ਦਰਸ਼ਨਾਂ ਲਈ ਰਸਤੇ ਵਿਚ ਕਹਿੰਦਾ ਹੈ, *"ਗੁਰੂ ਦੇ ਦਰਸ਼ਨਾਂ ਲਈ ਚਲਿਆ ਹਾਂ ਚਲੋ ਪੁੱਤਰ ਦੀ ਦਾਤ ਹੀ ਮੰਗ ਲਿਆਈਏ, ਤਰੱਕੀਆਂ ਮੰਗ ਆਵਾਂ, ਕਾਰੋਬਾਰ ਵਿਚ*



www.AKJ.Org

ਵਾਧਾ ਮੰਗ ਆਵਾਂ।" ਸਪਸ਼ਟ ਹੋ ਗਿਆ ਕਿ ਹੁਣ ਪਿਆਸ ਦਰਸ਼ਨ ਦੀ ਨਹੀਂ, ਪੁੱਤਰ ਦੀ ਹੈ। ਹੁਣ ਪਿਆਸ ਗੁਰੂ ਦੇ ਦਰਸ਼ਨਾਂ ਦੀ ਨਹੀ, ਕਾਰੋਬਾਰ ਦੀ ਹੈ, ਤਰੱਕੀਆਂ ਦੀ ਹੈ। ਪਿਆਸ ਬਦਲ ਗਈ। ਪਰ, ਕਾਸ਼ ! ਇਹ ਪਿਆਸ ਨਾ ਬਦਲੇ, ਪਿਆਸ ਉਹੀ ਗੁਰੂ ਦੇ ਦਰਸ਼ਨਾਂ ਦੀ ਬਣੀ ਰਹੇ ਤਾਂ ਮੈ ਯਕੀਨ ਨਾਲ ਕਹਿ ਸਕਦਾ ਹਾਂ ਕਿਉਂਕਿ ਗੁਰੂ ਸਮਰੱਥ ਹੈ, ਮੈਨੂੰ ਗੁਰੂ ਤੇ ਮਾਣ ਹੈ, ਤੁਸੀਂ ਅਜੇ ਗੁਰੂਦੁਆਰੇ ਪੁੱਜੇ ਭੀ ਨਹੀਂ ਹੋਵੋਗੇ, ਗੁਰੂ ਦੀ ਪਿਆਸ ਭੀ ਉਹੋ ਬਣ ਜਾਏਗੀ ਜੋ ਤੁਹਾਡੀ ਹੋਏਗੀ। ਤੁਸੀਂ ਗੁਰੂ ਦੇ ਦਰਸ਼ਨ ਕਰਨ ਆ ਰਹੇ ਹੋਵੋਗੇ ਤੇ ਗੁਰੂ ਤੁਹਾਨੂੰ ਲੈਣ ਲਈ ਆ ਰਿਹਾ ਹੋਵੇਗਾ। ਇਹ ਸੱਚਾਈ ਹੈ, ਉਹ ਕਿਸੇ ਭੀ ਰੂਪ ਵਿਚ ਆਪਣੇ ਚੋਜ ਵਰਤਾ ਸਕਦੇ ਹਨ। ਭਾਈ ਲਹਿਣਾ ਜੀ ਬਾਬੇ ਨਾਨਕ ਦਾ ਘਰ ਲਭਦੇ ਲਭਦੇ ਤੁਰੇ ਸੀ, ਪਿਆਸ ਬਾਬੇ ਨਾਨਕ ਦੇ ਦਰਸ਼ਨਾਂ ਦੀ ਸੀ, ਪਿਆਸ ਬਦਲੀ ਨਹੀਂ। ਜਿਵੇਂ ਜਿਵੇਂ ਭਾਈ ਲਹਿਣਾ ਜੀ ਬਾਬੇ ਨਾਨਕ ਦਾ ਘਰ ਪੁਛਦੇ ਪੁਛਦੇ ਜਾ ਰਹੇ ਸੀ, ਜਿਵੇਂ ਜਿਵੇਂ ਨਜ਼ਦੀਕੀ ਵੱਧ ਰਹੀ ਸੀ ਉਧਰ ਬਾਬਾ ਨਾਨਕ ਅੱਗੋਂ ਖੁਦ ਲੈਣ ਲਈ ਆ ਰਹੇ ਸੀ। ਸਿਰਫ਼ ਆ ਹੀ ਨਹੀਂ ਸੀ ਰਹੇ ਸਗੋਂ ਆ ਕੇ ਘੋੜੇ ਦੀ ਲਗਾਮ ਫੜ ਲਈ। ਆਪਣੇ ਘਰ ਲੈ ਗਏ ਸੀ। ਸਚਮੁਚ ਜੇ ਪਿਆਸ ਨਾ ਬਦਲੇ ਤਾਂ ਗੁਰੂ ਆਪਣੇ ਘਰ ਲੈ ਆਉਂਦਾ ਹੈ। ਆਪਣੇ ਕੋਲ ਬਿਠਾ ਲੈਂਦਾ ਹੈ। ਜਿਸਨੂੰ ਗੁਰੂ ਆਪ ਲੈ ਆਵੇ ਫਿਰ ਉਹ ਕਦੀ ਵਿਛੜਦਾ ਨਹੀਂ। ਫਿਰ ਕੋਈ ਤੋਟ ਨਹੀਂ ਰਹਿੰਦੀ, ਕੋਈ ਭੁੱਖ ਬਾਕੀ ਨਹੀਂ ਰਹਿੰਦੀ, ਕੋਈ ਹੋਰ ਪਿਆਸ ਨਹੀਂ ਰਹਿੰਦੀ। ਉਹ ਤਾਂ ਇਕੋ ਹੀ ਗੱਲ ਕਹਿੰਦਾ ਹੈ-

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ।। (ਪੰਨਾ ੫੩੪)

ਉਹ ਤਾਂ ਫਿਰ ਅੰਗ ਪਾਲਣ ਦਾ ਯਤਨ ਕਰਦਾ ਹੈ, ਉਹ ਆਗਿਆਕਾਰੀ ਹੁੰਦਾ ਹੈ, ਫਿਰ ਬਚਨ ਪਾਲਦਾ ਹੈ।

ਸੱਚ ਹੈ ਜੈਸੀ ਪਿਆਸ ਹੋਏਗੀ ਤੈਸੀ ਦੇਖਣੀ ਹੋਏਗੀ, ਉਸ ਦੇ ਮੁਤਾਬਿਕ ਖੋਜ ਹੋਏਗੀ। ਹੁਣ ਖੋਜ ਦਾ, ਪਿਆਸ ਦਾ, ਤਾਂਘ ਦਾ ਬਿਰਹਾ ਦਾ ਸਬੰਧ ਅੰਦਰ ਨਾਲ ਹੈ। ਬਿਰਹਾ ਵਿਚ ਆ ਕੇ ਸਤਿਗੁਰੂ ਪੁਛਦੇ ਹਨ ਕਿ ਮੇਰੇ ਮਨ ਵਿਚ ਲੋਚਾ ਹੈ ਦਰਸ਼ਨਾਂ ਦੀ। ਹੇ ਪਿਆਰੇ ! ਮੈਨੂੰ ਦਸ ਮੈਂ ਕਿਸ ਤਰ੍ਹਾਂ ਪੂਰੇ ਗੁਰੂ ਨੂੰ ਮਿਲ ਪਵਾਂ ? ਮੈਂ ਕਿਵੇਂ ਪੂਰੇ ਗੁਰੂ ਦੀ ਸ਼ਰਨ ਲਵਾਂ ?

"ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ
ਹਉ ਕਿਉ ਪਾਈ ਗੁਰ ਪੂਰੇ।।" (ਪੰਨਾ ੫੬੪)

(ਪੰਨਾ ੫ ਦਾ ਬਾਕੀ..........)

ਦੇ ਨਾਲ ਨਿਭਦਾ ਹੈ। ਇਸ ਦਾ ਲਾਹਾ ਲੈ ਕੇ ਨਾਲ ਲੈ ਚਲਣਾ ਹੈ, ਇਥੇ ਨਹੀਂ ਛੱਡ ਜਾਣਾ। ਕੂੜਾਵੇ ਧਨ-ਧਾਮ ਤਾਂ ਇਥੇ ਦੇ ਇਥੇ ਰਹਿ ਜਾਂਦੇ ਹਨ, ਪਰ ਇਹ ਸਚਾਵਾ ਧਨ 'ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ।।' (ਮ: ੩, ਪੰਨਾ ੫੧੧)

ਅਸਚਰਜ ਗੱਲ ਇਹ ਹੈ ਕਿ ਵਿਹਾਜਣ ਯੋਗ ਵਸਤੂ ਗੁਰੂ ਮਹਾਰਾਜ ਬਾਰ ਬਾਰ ਪੁਕਾਰ ਪੁਕਾਰ ਕੇ ਦਸਣ, ਪਰ ਅਸਾਂ ਸਿੱਖ ਸਦਾਵਣ-ਹਾਰਿਆਂ ਨੂੰ ਰੰਚਕ ਪਰਤੀਤ ਨਾ ਆਵੇ ਅਤੇ ਗੁਰੂ ਦੱਸੀ ਸੱਚੀ ਵਸਤੂ ਨਾ ਵਿਹਾਜੀਏ। ਗੁਰੂ ਜੀ ਦਾ ਸਾਰਾ ਜ਼ੋਰ ਅਸਾਡੇ ਪ੍ਰਤੀ ਇਹੋ ਹੋਵੇ ਕਿ ਨਾਮ ਦੀ ਖੇਪ ਲੱਦ ਕੇ ਸੱਚੇ ਵਾਪਾਰੀ ਬਣ ਕੇ ਲੋਕ ਪ੍ਰਲੋਕ ਸੰਵਾਰ ਲਵੋ : ਪਰ ਅਸੀਂ ਗੁਮੇਹ ਨਾ ਕਰੀਏ। ਕੀ ਇਸ ਸੂਰਤ ਵਿੱਚ ਅਸੀਂ ਗੁਰੂ ਜੀ ਦੇ ਸਚਿਆਰ ਸਿੱਖ ਸਦਵਾ ਸਕਦੇ ਹਾਂ ? ਕਦਾਚਿਤ ਨਹੀਂ। ਗੁਰੂ ਉੱਤੇ ਅਸਾਡਾ ਭਰੋਸਾ ਹੀ ਕੱਖ ਨਹੀਂ। ਅਸੀਂ ਗੁਰੂ ਸਾਹਿਬ ਦਾ ਹੁਕਮ ਨਹੀਂ ਮੰਨਦੇ, ਕਿਉਂਕਿ ਹੁਕਮਨ ਸਿਰ ਸੱਚਾ ਹੁਕਮ-

ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ।।੫।।
(ਸਿਰੀ ਰਾਗੁ ਮ: ੫, ਪੰਨਾ ੭੨)

ਨਾਮ ਦਾ ਵਾਪਾਰੀ ਬਣਨਾ ਹੈ। ਨਾਮ ਦੇ ਵਾਪਾਰੀ ਬਣ ਕੇ ਹੀ ਪ੍ਰਸਪਰ ਮਿਲਣਾ, ਨਾਮ ਦੇ ਵਾਪਾਰੀ ਹੋ ਕੇ ਹੀ ਸੰਸਾਰ ਵਿਖੇ ਵਿਚਰਨਾ, ਨਾਮ ਦੇ ਵਾਪਾਰੀ ਬਣ ਕੇ ਹੀ ਸਮਾਗਮਾਂ ਵਿੱਚ ਜੁੜਨਾ ਗੁਰਸਿੱਖਾਂ ਦੇ ਜੀਵਨ ਦੇ ਸੱਚੇ ਸੁੱਚੇ ਲਾਹੇ ਹਨ। ਜੋ ਸੱਜਣ ਇਸ ਲਾਹੇ ਤੋਂ ਵਾਂਝੇ ਹਨ, ਉਹਨਾਂ ਦਾ ਸੰਸਾਰ ਵਿਖੇ ਆਉਣਾ ਹੀ ਬਿਰਥਾ ਹੈ। ਅਸਲ ਗੱਲ ਇਹ ਦਿਸਦੀ ਹੈ ਕਿ ਉਹਨਾਂ ਨੂੰ ਇਸ ਵਖਰ ਦੇ ਵਿਹਾਜਣ ਦੀ ਲੋੜ ਨਹੀਂ ਪਰਤੀਤ ਹੋਈ। ਉਨ੍ਹਾਂ ਨੂੰ ਨਾਮ ਦੇ ਸਰੂਪ ਦੀ ਲਖਤਾ ਹੀ ਨਹੀਂ। ਇਹ ਲੋਚਾ, ਪਿਆਸ ਅਤੇ ਲਖਤਾ ਹੋਵੇ ਭੀ ਕਿੰਕੂ ? ਦ੍ਰਿਸ਼ਟਮਾਨ ਪਦਾਰਥ ਇਹ ਹੈ ਨਹੀਂ, ਜਿਸ ਨੂੰ ਦੇਖ ਕੇ ਲੁਭਾਇਮਾਨ ਹੋ ਜਾਈਏ। ਇਹ ਤਾਂ ਅਜਿਹੀ ਅਨੂਪ ਅਗੰਮ ਅਤੇ ਅਗੋਚਰ ਵਸਤੂ ਹੈ, ਜੋ ਕੇਵਲ ਗੁਰੂ ਦੇ ਲਖਾਏ ਹੀ ਲਖੀ ਜਾ ਸਕਦੀ ਹੈ। ਪਰ ਗੁਰੂ ਲਖਾਉਂਦਾ ਉਹਨਾਂ ਨੂੰ ਹੈ, ਜੋ ਗੁਰੂ ਕੇ ਹੋ ਰਹਿਣ ਅਤੇ ਗੁਰੂ ਦੇ ਪੂਰਨ ਭਾਣੇ ਅੰਦਰ ਆ ਜਾਣ।



www.AKJ.Org

# ਮੂਲ ਮੰਤ੍ਰ ਅੰਦਰ ਸ਼ਬਦ 'ਸਤਿਨਾਮੁ'

(ਸੂਬੇਦਾਰ ਧਰਮ ਸਿੰਘ ਸੁੱਜੋਂ)

ਜਪੁਜੀ ਸਾਹਿਬ ਦੀ ਬਾਣੀ ਦੇ ਆਰੰਭ ਵਿੱਚ ਇਸ ਬਾਣੀ ਦੇ ਮੰਗਲਾ ਚਰਣ ਵਜੋਂ, ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਵਰਤੇ ਹਨ- "੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਇਹ ਪੂਰਾ ਸ਼ਬਦ ਜਾਂ ਇਸ ਦੇ ਕੁੱਝ ਸੰਖੇਪ ਰੂਪ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਬਹੁਤ ਸਾਰੀਆਂ ਬਾਣੀਆਂ ਦੇ ਆਰੰਭ ਵਿੱਚ ਮਿਲਦੇ ਹਨ। ਪਿਛੋਂ ਕੁੱਝ ਸਮਾਂ ਪਾ ਕੇ ਇਹ ਉੱਪਰ ਦਰਜ ਫੁਰਮਾਨ, ਸਿੱਖ ਜਗਤ ਵਿੱਚ ਮੂਲ-ਮੰਤ੍ਰ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਮੰਗਲਾਚਰਣ ਵਜੋਂ ਵਰਤੇ ਗਏ ਇਸ ਸ਼ਬਦ ਜਾਂ ਮੂਲ-ਮੰਤ੍ਰ ਨੂੰ ਗਹੁ ਨਾਲ ਵਿਚਾਰਿਆਂ ਤਿੰਨ ਤੱਥ ਸਾਮ੍ਹਣੇ ਆਉਂਦੇ ਹਨ- ਪਹਿਲਾ ਤੱਥ, ਇਸ ਫੁਰਮਾਨ ਵਿੱਚ ਅਕਾਲ-ਪੁਰਖ ਜਾਂ ਪਰਮ-ਆਤਮਾ ਜਿਸ ਨੂੰ ਬੁਨਿਆਦੀ ਹਸਤੀ, ਹੋਂਦ ਜਾਂ ਹਕੀਕਤ ਭੀ ਆਖ ਸਕਦੇ ਹਾਂ, ਦੀ ਰੂਪ ਰੇਖਾ ਬਿਆਨ ਕੀਤੀ ਗਈ ਹੈ, ਦੂਸਰਾ ਤੱਥ, ਇਸ ਬੁਨਿਆਦੀ ਹਸਤੀ ਜਾਂ ਹੋਂਦ ਦੇ ਕੁੱਝ ਖਾਸ ਖਾਸ ਗੁਣ ਬਿਆਨ ਕੀਤੇ ਗਏ ਹਨ, ਤੀਸਰਾ ਤੱਥ, ਇਸ ਬੁਨਿਆਦੀ ਹਸਤੀ ਜਾਂ ਹੋਂਦ ਤਕ ਰਸਾਈ ਜਾਂ ਪਹੁੰਚ ਕਿਵੇਂ ਪਰਾਪਤ ਹੋ ਸਕਦੀ ਹੈ, ਦਾ ਜ਼ਿਕਰ ਮਿਲਦਾ ਹੈ।

ਦਾਸ ਦੀ ਤੁੱਛ ਬੁੱਧੀ ਅਨੁਸਾਰ, ਇਸ ਮੂਲ-ਮੰਤ੍ਰ ਦੇ ਤਿੰਨ ਹਿੱਸੇ ਇਸ ਪਰਕਾਰ ਕੀਤੇ ਜਾ ਸਕਦੇ ਹਨ ਪਹਿਲਾ ਹਿੱਸਾ "੧ਓ ਸਤਿਨਾਮੁ' ਦੂਸਰਾ ਹਿੱਸਾ "ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ" ਅਤੇ ਤੀਸਰਾ ਹਿੱਸਾ "ਗੁਰ ਪ੍ਰਸਾਦਿ"। ਪਹਿਲੇ ਹਿੱਸੇ '੧ਓ ਸਤਿਨਾਮੁ' ਨੂੰ ਛੱਡ ਕੇ ਬਾਕੀ ਹਿੱਸੇ ਦੀ ਅਰਥ ਵਿਚਾਰ ਸੰਖੇਪ ਵਿੱਚ ਇਸ ਪਰਕਾਰ ਹੈ ਕਿ ਬੁਨਿਆਦੀ ਹਸਤੀ ਜਿਸ ਨੂੰ "੧ਓ ਸਤਿਨਾਮੁ" ਆਖਿਆ ਗਿਆ ਹੈ, ਇਹ ਹਸਤੀ ਸੰਸਾਰ ਨੂੰ ਰਚਣਹਾਰ ਜਾਂ ਸੰਸਾਰ ਦੀ ਕਰਤਾ ਹੈ, ਜਿਸ ਨੂੰ ਕਿਸੀ ਦਾ ਕੋਈ ਭਉ ਜਾਂ ਡਰ ਨਹੀਂ ਅਤੇ ਨਾ ਹੀ ਉਸ ਹਸਤੀ ਜਾਂ ਹੋਂਦ ਦਾ ਕਿਸੀ ਨਾਲ ਕੋਈ ਕਿਸੀ ਤਰ੍ਹਾਂ ਦਾ ਵੈਰ ਵਿਰੋਧ ਹੀ ਹੈ। ਅੱਗੇ ਅਕਾਲ-ਮੂਰਤਿ ਦੇ ਅਰਥ ਕਈ ਸੱਜਨ ਇਸ ਪ੍ਰਕਾਰ ਕਰਦੇ ਹਨ ਕਿ ਉਹ ਹਸਤੀ, ਕਾਲ ਜਾਂ ਮੌਤ ਤੋਂ ਰਹਿਤ ਜਾਂ ਕਾਲ ਦੇ ਅਸਰ ਤੋਂ ਬਾਲਾਤਰ ਜਾਂ ਉੱਪਰ ਹੈ। ਇਹ ਤੱਥ ਤਾਂ ਦਰੁਸਤ ਹੈ ਕਿ ਉਸ ਹਸਤੀ ਦੀ ਮੌਤ ਨਹੀਂ ਹੁੰਦੀ। ਇਹ ਭੀ ਠੀਕ ਹੈ ਕਿ ਵਕਤ ਜਾਂ ਕਾਲ ਜਾਂ ਸਮਾਂ; ਹਰ ਸ਼ੈ ਵਿੱਚ ਤਬਦੀਲੀ ਪੈਦਾ ਕਰਦਾ ਹੈ ਜਿਵੇਂ ਬਚਪਨ, ਜਵਾਨੀ, ਬੁਢੇਪਾ ਤੇ ਮੌਤ। ਪਰ ਬੁਨਿਆਦੀ ਹਸਤੀ, ਵਕਤ ਦੇ ਇਸ ਅਸਰ ਤੋਂ ਬਾਲਾਤਰ ਜਾਂ ਆਜ਼ਾਦ ਹੈ। ਇਹ ਦੋਨੋਂ ਤੱਥ ਹੁੰਦਿਆਂ ਹੋਇਆ ਭੀ, ਸ਼ਬਦ ਅਕਾਲ ਮੂਰਤਿ ਦੀ ਹਕੀਕਤ ਕੁੱਝ ਵਿਲੱਖਣ ਹੈ ਜਿਸ ਪਾਸੇ ਅਸੀਂ ਕਦੇ ਘੱਟ ਹੀ ਧਿਆਨ ਦਿੱਤਾ ਹੈ। ਦਰ ਅਸਲ *'ਅਕਾਲ'* ਜਾਂ Timeless ਆਪਣੇ ਆਪ ਵਿੱਚ, ਇੱਕ ਐਸੀ ਹਕੀਕਤ, stage ਜਾਂ ਹਾਲਤ ਹੈ ਜਿੱਥੇ ਵਕਤ ਦੀ ਹੋਂਦ ਹੀ ਕੋਈ ਨਹੀਂ ਹੁੰਦੀ। ਇਸ ਹਾਲਤ ਜਾਂ stage ਵਿੱਚ ਵਕਤ ਦਾ ਅਭਾਉ ਹੋਣ ਕਰਕੇ ਹੀ ਇਸ ਹਾਲਤ ਨੂੰ ਅਕਾਲ ਜਾਂ Time-less ਆਖਿਆ ਜਾਂਦਾ ਹੈ। ਇਸ ਸ਼ਤਾਬਦੀ ਦੇ ਮਸ਼ਹੂਰ ਜਰਮਨ ਸਾਇੰਸਦਾਨ, ਅਲਬਰਟ ਆਇਨ ਸਟਾਈਨ ਨੇ ਸੰਨ 1905 ਵਿੱਚ ਰੈਲੇਟਿਵਟੀ (Relativety) ਦੀ ਸਪੈਸ਼ਲ ਥੀਊਰੀ ਅਤੇ 1916 ਵਿੱਚ ਜਨਰਲ ਥੀਊਰੀ ਦੁਨੀਆ ਦੇ ਸਾਮ੍ਹਣੇ ਰੱਖੀ। ਇਨ੍ਹਾਂ ਦੋਨਾਂ ਥਿਊਰੀਆਂ ਵਿੱਚ ਇਹ ਦੱਸਿਆ ਗਿਆ ਹੈ ਕਿ ਅਕਾਲ ਜਾਂ Time-less ਹਾਲਤ, ਕਿਵੇਂ ਤੇ ਕਦੋਂ ਪੈਦਾ ਹੁੰਦੀ ਹੈ। ਇਸ ਹਾਲਤ ਵਿੱਚ ਪਹੁੰਚੀ ਸ਼ੈ ਜਾਂ ਹਸਤੀ ਤੇ ਇਸ ਦਾ ਕਿਆ ਅਸਰ ਹੁੰਦਾ ਹੈ। ਇਸ ਹਾਲਤ ਦਾ ਵਿਸਥਾਰ ਸਹਿਤ ਬਿਆਨ ਆਪ ਜੀ 'ਸੂਰਾ' ਫਰਵਰੀ ੯੬ ਵਿੱਚ ਛਪੇ ਲੇਖ *'ਅਕਾਲ'* (Timeless) ਵਿੱਚ ਪੜ੍ਹ ਹੀ ਚੁੱਕੇ ਹੋ।

*'ਅਕਾਲ'* ਅਵਸਥਾ ਤੇ ਪਹੁੰਚੀ ਕੋਈ ਸ਼ੈ ਜਾਂ ਹਸਤੀ, ਜਿਸ ਹਾਲਤ ਜਾਂ ਜਿਸ ਉਮਰ ਵਿੱਚ ਪਹੁੰਚਦੀ ਹੈ, ਹਮੇਸ਼ਾ ਹਮੇਸ਼ਾ ਲਈ ਉਹ ਸ਼ੈ ਜਾਂ ਹਸਤੀ ਉਸੀ ਹਾਲਤ ਜਾਂ ਉਮਰ ਵਿੱਚ ਕਾਇਮ ਰਹਿੰਦੀ ਹੈ। ਸੰਸਾਰ ਵਿੱਚ ਭਾਵੇਂ ਲੱਖਾਂ ਕਰੋੜਾਂ ਸਾਲ ਦਾ ਸਮਾਂ ਬੀਤ ਜਾਵੇ ਤਾਂ ਭੀ ਜੇ ਕੋਈ ਹਸਤੀ ਜਾਂ ਸਖਸ਼ 30 ਸਾਲ ਦੀ ਉਮਰ ਵਿੱਚ ਗਿਆ ਸੀ ਉਹ ਹਮੇਸ਼ਾ ਹੀ 30 ਸਾਲ ਦੀ ਉਮਰ ਵਿੱਚ ਹੀ ਵਿਚਰੇਗਾ। ਜਦੋਂ ਉਸ ਸਖਸ਼ ਨੇ 30 ਸਾਲ ਤੋਂ ਅੱਗੇ ਵੱਧਣਾ ਹੀ ਨਹੀਂ ਤਾਂ ਬੁਢੇਪਾ ਕਿੱਥੇ ? ਜਦੋਂ ਬੁਢੇਪਾ ਨਹੀਂ ਤਾਂ ਮੌਤ ਕਿੱਥੇ ? ਦੂਸਰੇ ਲਫਜ਼ਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ ਉਹ ਸਖਸ਼ *'ਅਮਰ'* ਹੋ ਗਿਆ ਅਕਾਲ ਪੁਰਖ ਹਮੇਸ਼ਾਂ ਹੀ ਇਸ *'ਅਕਾਲ'* ਜਾਂ



www.AKJ.Org

Timeless ਹਾਲਤ ਵਿੱਚ ਹੁੰਦਾ ਹੈ ਤਾਂ ਉਹ ਭੀ ਨਾ ਵਧਦਾ ਹੈ ਤੇ ਨਾ ਹੀ ਘਟਦਾ ਹੈ। ਇਸੀ ਕਰਕੇ ਹੀ ਕਲਗੀਧਰ ਜੀ ਨੇ ਇਸ *'ਅਕਾਲ ਮੂਰਤਿ'* ਅਵੱਸਥਾ ਵਿੱਚ ਵਿਚਰਦੀ ਹਸਤੀ ਬਾਰੇ ਆਖਿਆ ਹੈ ਕਿ *"ਨਾ ਵਾਧ ਹੈ, ਨਾ ਘਾਟ ਹੈ, ਨਾ ਵਾਧ ਘਾਟ ਹੋਤ ਹੈ।"* ਇਸ ਵਿਚਾਰ ਦਾ ਸਿੱਟਾ ਇਹ ਹੋਇਆ ਕਿ ਬੁਨਿਆਦੀ ਹਸਤੀ ਜਾਂ ਹੋਂਦ ਅਕਾਲ ਅਵਸਥਾ ਵਿੱਚ ਵਿਚਰਨ ਕਾਰਨ ਜੈਸੀ ਉਹ ਪਹਿਲਾਂ ਤੋਂ ਸੀ ਵੈਸੀ ਹੀ ਰਹੇਗੀ, ਉਸ ਵਿੱਚ ਕੋਈ ਵਾਧ ਘਾਟ ਜਾਂ ਤਬਦੀਲੀ ਨਹੀਂ ਹੋ ਸਕਦੀ। ਚੂੰਕਿ ਇਹ ਹਸਤੀ ਜਾਂ ਹੋਂਦ ਹਮੇਸ਼ਾ ਹੀ ਇਕ ਰਸ ਕਾਇਮ ਹੈ ਤੇ ਰਹੇਗੀ ਇਸ ਲਈ ਇਹ ਹਸਤੀ ਜਾਂ ਹੋਂਦ ਸਤਿ ਹੈ।

ਅਗਲਾ ਗੁਣ ਹੈ *'ਅਜੂਨੀ'* ਭਾਵ ਉਸ ਹਸਤੀ ਜਾਂ ਹੋਂਦ ਦਾ ਚੁਰਾਸੀ ਲੱਖ ਜੂਨਾਂ ਵਿਚੋਂ ਕਿਸੀ ਭੀ ਜੂਨੀ ਨਾਲ ਕੋਈ ਭੀ ਸੰਬੰਧ ਨਹੀਂ ਹੈ। ਬੁਨਿਆਦੀ ਹਸਤੀ ਦੇ ਇਸ ਗੁਣ ਨੂੰ ਜਾਣ ਕੇ ਉਨ੍ਹਾਂ ਸੱਜਨਾਂ ਦੇ ਵਿਸ਼ਵਾਸ਼ ਨੂੰ ਇੱਕ ਸਖਤ ਧੱਕਾ ਲੱਗੇਗਾ ਜੋ ਇਸ ਹਸਤੀ ਜਾਂ ਹੋਂਦ ਨੂੰ ਪੁਰਸ਼ ਦੇ ਰੂਪ ਵਿੱਚ ਦੇਵਤਾ ਜਾਂ ਇਸਤਰੀ ਦੇ ਰੂਪ ਵਿੱਚ ਦੇਵੀ ਮੰਨਦੇ ਹਨ। ਇਥੇ ਉਹ ਇਹ ਸ਼ੰਕਾ ਭੀ ਕਰ ਸਕਦੇ ਹਨ ਕਿ ਜਦੋਂ ਉਹ ਹਸਤੀ ਕਿਸੀ ਭੀ ਜੂਨੀ ਨਾਲ ਸੰਬੰਧ ਨਹੀਂ ਰੱਖਦੀ ਤਾਂ ਹੋ ਸਕਦਾ ਹੈ ਕਿ ਉਸ ਹਸਤੀ ਦੀ ਹੋਂਦ ਹੀ ਕੋਈ ਨਾ ਹੋਵੇ। ਇਸ ਸ਼ੰਕੇ ਦਾ ਉੱਤਰ, ਨਾਲ ਲੱਗਦੇ ਸ਼ਬਦ *'ਸੈਭੰ'* ਵਿਚੋਂ ਮਿਲਦਾ ਹੈ। ਇਸ ਸ਼ਬਦ *'ਸੈਭੰ'* ਨੇ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਭਾਵੇਂ ਉਹ ਹਸਤੀ ਅਜੂਨੀ ਹੈ ਪਰ ਫੇਰ ਵੀ ਉਸ ਦੀ ਹੋਂਦ ਹੈ ਜਿਹੜੀ ਕਿ ਆਪਣੇ ਪ੍ਰਕਾਸ਼ ਤੋਂ ਆਪ ਹੀ ਪ੍ਰਕਾਸ਼ ਮਾਨ ਹੈ ਭਾਵ ਇਹ ਕਿ ਉਸ ਹੋਂਦ ਦਾ ਸਰੂਪ ਪ੍ਰਕਾਸ਼, ਰੋਸ਼ਨੀ ਜਾਂ ਜੋਤੀ ਹੈ। ਇਸੀ ਕਰਕੇ ਹੀ ਇਸ ਹਸਤੀ ਨੂੰ ਜੋਤੀ ਸਰੂਪ ਭੀ ਆਖਿਆ ਜਾਂਦਾ ਹੈ। ਇਹ ਉਪਰ ਬਿਆਨ ਹੋਏ ਗੁਣਾਂ ਵਾਲੀ ਹਸਤੀ ਜਾਂ ਹੋਂਦ *'੧ਓ ਸਤਿਨਾਮੁ'* ਤਕ ਰਸਾਈ ਜਾਂ ਪਹੁੰਚ ਪਰਾਪਤ ਹੁੰਦੀ ਹੈ, ਗੁਰੂ ਦੀ ਕਿਰਪਾ ਦਵਾਰਾ ਜਾਂ 'ਗੁਰ ਪ੍ਰਸਾਦਿ।'

ਬੁਨਿਆਦੀ ਹਸਤੀ ਜਾਂ ਹੋਂਦ ਜਿਸ ਨੂੰ ਉੱਪਰ "੧ਓ ਸਤਿਨਾਮੁ" ਆਖਿਆ ਗਿਆ ਹੈ ਦੇ ਗੁਣਾਂ ਦੀ ਜਾਣਕਾਰੀ ਤਾਂ ਮਿਲ ਗਈ ਹੈ ਤੇ ਇਹ ਭੀ ਪਤਾ ਚਲ ਗਿਆ ਹੈ ਕਿ ਉਸ ਦੀ ਪਰਾਪਤੀ 'ਗੁਰ ਪ੍ਰਸਾਦਿ' ਜਾਂ ਗੁਰੂ ਦੀ ਕਿਰਪਾ ਦਵਾਰਾ ਹੁੰਦੀ ਹੈ, ਉਸ ਹਸਤੀ ਦੀ ਰੂਪ-ਰੇਖਾ ਜਾਂ ਪਛਾਣ ਕਿਆ ਹੈ ਤਾਂ ਜੋ ਜਦੋਂ ਅਸੀਂ ਕਠਨ ਕਮਾਈ ਕਰਕੇ ਜਾਂ ਘੋਰ ਤਪੱਸਿਆ ਕਰਕੇ ਉਸ ਨੂੰ ਮਿਲੀਏ ਤਾਂ ਸਾਨੂੰ ਇਹ ਤਸੱਲੀ ਹੋ ਸਕੇ ਕਿ ਅਸੀਂ ਠੀਕ ਹੀ ਉਸ '੧ਓ ਸਤਿਨਾਮੁ' ਹਸਤੀ ਜਾਂ ਹੋਂਦ ਨੂੰ ਮਿਲੇ ਹਾਂ, ਕਿਤੇ ਐਸਾ ਨਾ ਹੋਵੇ ਕਿ ਅਸੀਂ ਸਾਰੀ ਉਮਰ ਕਠਨ ਤੋਂ ਕਠਨ ਘੋਲ ਘੁਮਾਈ ਕਰਕੇ ਜਦੋਂ ਆਪਣੀ ਜਾਚੇ "੧ਓ ਸਤਿਨਾਮੁ" ਨੂੰ ਮਿਲੀਏ ਤੇ ਮਗਰੋਂ ਉਹ ਕੋਈ ਹੋਰ ਹੀ ਹਸਤੀ ਨਿਕਲ ਜਾਵੇ ਤਾਂ ਸਾਡਾ ਕਿਆ ਹਸ਼ਰ ਹੋਵੇਗਾ ? ਇਸ ਲਈ '੧ਓ ਸਤਿਨਾਮੁ' ਦੀ ਜਾਣਕਾਰੀ ਜਾਂ ਸੋਝੀ ਗੁਰਮਤਿ ਦਾ ਇਕ ਅਵੱਸ਼ਕ ਅੰਗ ਹੈ।

ਇਸ ਤੋਂ ਪਹਿਲਾ ਕਿ '੧ਓ' ਤੇ ਵਿਚਾਰ ਕੀਤੀ ਜਾਵੇ, ਸ਼ਬਦ 'ਸਤਿਨਾਮੁ' ਦੀ ਘੋਖ ਪਹਿਲਾਂ ਕਰਨਾ ਕੁਝ ਜ਼ਰੂਰੀ ਪ੍ਰਤੀਤ ਹੁੰਦਾ ਹੈ। ਆਮ ਟੀਕਾਕਾਰਾਂ ਵਲੋਂ ਇਸ ਦਾ ਅਰਥ ਕੁੱਝ ਇਸ ਪ੍ਰਕਾਰ ਕੀਤਾ ਮਿਲਦਾ ਹੈ ਕਿ ੧ਓ ਦਾ ਨਾਮ, ਸਤਿ, ਹਮੇਸ਼ਾ ਕਾਇਮ ਰਹਿਣ ਵਾਲਾ ਜਾਂ ਹੋਂਦ ਵਾਲਾ ਹੈ। ਇਸ ਮੂਲ ਮੰਤ੍ਰ ਵਿੱਚ ਕਰਤਾ ਪੁਰਖ ਤੋਂ ਸੈਭੰ ਤਕ ਜਿਤਨੇ ਭੀ ਗੁਣ ੧ਓ ਦੇ ਬਿਆਨ ਹੋਏ ਹਨ ਸਭ ਇਕ ਇਕ ਵਾਰੀ ਹੀ ਬਿਆਨ ਹੋਏ ਹਨ, ਕੋਈ ਭੀ ਗੁਣ ਦੂਸਰੀ ਵਾਰੀ ਬਿਆਨ ਨਹੀਂ ਹੋਇਆ। ਜੇ ਸ਼ਬਦ ਸਤਿਨਾਮੁ ਦਾ ਅਰਥ ਉਪਰ ਵਾਲਾ ਦਰੁਸਤ ਮੰਨੀਏ ਅਤੇ ਅਕਾਲ-ਮੂਰਤਿ ਦਾ ਅਰਥ ਭੀ ਅਮਰ, ਹਮੇਸ਼ਾ ਕਾਇਮ ਰਹਿਣ ਵਾਲੀ ਸਤਿ ਹਸਤੀ ਜਾਂ ਹੋਂਦ ਹੈ ਤਾਂ ਇਕ ਹੀ ਗੁਣ ਨੂੰ ਦੋ ਵਾਰੀ ਬਿਆਨ ਕਰਨੇ ਦੀ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ। ਇਸ ਤੋਂ ਸਾਫ਼ ਪਰਤੀਤ ਹੁੰਦਾ ਹੈ ਕਿ ਸ਼ਬਦ 'ਸਤਿਨਾਮੁ' ਦਾ ਅਰਥ ਉਪਰ ਦਿੱਤੇ ਅਰਥ ਤੋਂ ਵੱਖਰਾ ਅਰਥ ਹੈ। ਇਥੇ ਇਹ ਯਾਦ ਕਰਾ ਦੇਣਾ ਕੋਈ ਕੁਥਾਂ ਨਹੀਂ ਹੋਵੇਗਾ ਕਿ ਗੁਰਬਾਣੀ ਅੰਦਰ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਨੇ ਸ਼ਬਦ 'ਵਾਹਿਗੁਰੂ' ਨੂੰ ਗੁਪਤ ਹੀ ਰੱਖਿਆ ਹੈ ਸਿਰਫ਼ ਭੱਟਾਂ ਨੇ ਹੀ ਸ਼ਬਦ ਵਾਹਿਗੁਰੂ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬਾਨ ਅਤੇ ਭਗਤ ਜਨਾਂ ਨੂੰ ਜਿਥੇ ਕਿਤੇ ਭੀ ਸ਼ਬਦ ਵਾਹਿਗੁਰੂ ਵਰਤਣ ਦੀ ਲੋੜ ਪਈ ਉਥੇ ਇਸ ਦੇ ਲਈ ਇਸ ਦਾ ਉਪਨਾਮ 'ਸਤਿਨਾਮੁ' ਹੀ ਵਰਤਿਆ ਗਿਆ ਹੈ। ਇਸ ਲਈ ਸਾਰੀ ਹੀ ਬਾਣੀ ਵਿੱਚ ਸ਼ਬਦ ਸਤਿਨਾਮੁ ਬਹੁਤਾ ਕਰਕੇ ਸ਼ਬਦ 'ਵਾਹਿਗੁਰੂ' ਦਾ ਹੀ ਲਖਾਇਕ ਹੈ।

ਗੁਰਬਾਣੀ ਅੰਦਰ ਅਕਾਲ ਪੁਰਖ ਦੇ ਤਿੰਨ ਰੂਪ


www.AKJ.Org

ਬਿਆਨ ਕੀਤੇ ਮਿਲਦੇ ਹਨ ਜਿਨ੍ਹਾਂ ਦਾ ਵਿਸਥਾਰ ਪੂਰਬਕ ਵੇਰਵਾ ਆਪ ਜੀ 'ਸੂਰਾ' ਅਗਸਤ, ਸਤੰਬਰ, 96 ਵਿੱਚ ਛਪੇ "ਜੋਤੀ ਸੰਗਿ ਜੋਤਿ ਸਮਾਨਾ" ਨਾਮੇ ਲੇਖ ਵਿੱਚ ਪੜ੍ਹ ਚੁੱਕੇ ਹੋ। ਸੰਖੇਪ ਵਿੱਚ ਸ੍ਰੀ ਕਲਗੀਧਰ ਜੀ ਅਨੁਸਾਰ, ਨਿਰਗੁਣ, ਸਰਗੁਣ ਅਤੇ ਗੁਰ-ਸ਼ਬਦ, ਭਾਈ ਗੁਰਦਾਸ ਜੀ ਅਨੁਸਾਰ, ਨਿਰੰਕਾਰ, ਓਅੰਕਾਰ ਅਤੇ ਸ਼ਬਦ-ਧੁਨਿ ਅਤੇ ਗੁਰੂ ਨਾਨਕ ਦੇਵ ਜੀ ਅਨੁਸਾਰ, ੧, ਓਅੰਕਾਰ ਅਤੇ ਸਤਿਨਾਮੁ। ਇਸ ਸੰਖੇਪ ਜਿਹੀ ਵਿਚਾਰ ਤੋਂ ਇਹ ਸਾਫ਼ ਪਤਾ ਲੱਗਦਾ ਹੈ ਕਿ ਅਕਾਲ ਪੁਰਖ ਦਾ ਤੀਸਰਾ ਸਰੂਪ 'ਸਤਿਨਾਮੁ', ਗੁਰ-ਸ਼ਬਦ ਦੀ ਧੁਨੀ ਜਾਂ ਆਵਾਜ਼ ਹੈ। ਗੁਰ-ਸ਼ਬਦ ਦੀ ਧੁਨੀ, 'ਵਾਹਿਗੁਰੂ' ਸ਼ਬਦ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਜਾਂ ਮੂਲ-ਮੰਤ੍ਰ ਦੇ ਆਰੰਭ ਵਿੱਚ, '੧-ਓਅੰਕਾਰ-ਸਤਿਨਾਮੁ' ਲਿਖ ਕੇ ਅਕਾਲ-ਪੁਰਖ ਦੇ ਤਿੰਨੇ ਸਰੂਪਾਂ ਦਾ ਇਕ ਹੀ ਥਾਂ ਜ਼ਿਕਰ ਕਰ ਦਿੱਤਾ ਹੈ ਤਾਂ ਜੋ ਪਾਠ ਕਰਨ ਵੇਲੇ ਸਾਡੀ ਬੁੱਧੀ ਅਕਾਲ-ਪੁਰਖ ਦੇ ਤਿੰਨਾਂ ਹੀ ਸਰੂਪਾਂ ਦਾ ਗੋਹਨ ਕਰ ਸਕੇ। ਪਾਠ ਕਰਨ ਸਮੇਂ ਸਾਨੂੰ ਇਨ੍ਹਾਂ ਸਰੂਪਾਂ ਦਾ ਪਾਠ, '੧-ਓਅੰਕਾਰ-ਸਤਿਨਾਮ' ਨਖੇੜ ਕੇ ਕਰਨਾ ਹੀ ਉਚਿਤ ਹੈ।

ਨਿਰੰਕਾਰ, ਨਿਰਗੁਣ ਜਾਂ ੧ (ਇਕ) ਦੀ ਅਵਸਥਾ, ਅਨੁਭਵ ਤੋਂ ਬਾਹਰ ਦੀ ਹਾਲਤ ਹੈ ਜਿਸ ਦਾ ਕੋਈ ਅਨੁਭਵ ਨਹੀਂ ਹੋ ਸਕਦਾ। ਸਰਗੁਣ ਜਾਂ ਓਅੰਕਾਰ ਦਾ ਸਰੂਪ, ਨੂਰ, ਰੋਸ਼ਨੀ ਜਾਂ ਜੋਤੀ ਹੈ ਜਿਸ ਦਾ ਅਨੁਭਵ ਹੋ ਸਕਦਾ ਹੈ। ਗੁਰ-ਸ਼ਬਦ, ਸ਼ਬਦ-ਧੁਨਿ ਜਾਂ ਸਤਿਨਾਮ ਵਾਹਿਗੁਰੂ ਦੀ ਆਵਾਜ਼ ਭੀ ਅਨੁਭਵ ਹੋ ਸਕਦੀ ਹੈ। ਜਦੋਂ ਸਾਨੂੰ ਕੁੱਲ ਕਾਇਨਾਤ ਦੇ ਕਣ ਕਣ ਵਿੱਚ ਅਨੁਭਵ ਦੁਆਰਾ ਜੋਤੀ ਦੇ ਦਰਸ਼ਨ ਹੋਣਗੇ ਅਤੇ ਇਸੀ ਹੀ ਕਣ-ਕਣ ਵਿਚੋਂ ਵਾਹਿਗੁਰੂ ਸ਼ਬਦ ਦੀ ਆਵਾਜ਼ ਸੁਣਾਈ ਦੇਵੇਗੀ ਤਾਂ ਇਹ ਨਿਸ਼ਾਨੀ ਹੋਵੇਗੀ, ਗੁਰਮਤਿ ਅਨੁਸਾਰ ਅਕਾਲ-ਪੁਰਖ ਦੀ ਪਰਾਪਤੀ ਦੀ।

ਸਾਰੀ ਵਿਚਾਰ ਦਾ ਸਾਰ ਸਿੱਟਾ ਇਹ ਹੋਇਆ ਕਿ ਮੂਲ-ਮੰਤ੍ਰ ਅੰਦਰ ਆਇਆ ਸ਼ਬਦ 'ਸਤਿਨਾਮੁ' ਅਕਾਲ-ਪੁਰਖ ਦੇ ਗੁਣਾਂ ਦਾ ਲਖਾਇਕ ਨਹੀਂ ਹੈ। ਸਗੋਂ ਇਹ ਸ਼ਬਦ ਅਕਾਲ ਪੁਰਖ ਦੇ ਤਿੰਨ ਸਰੂਪਾਂ, ਨਿਰਗੁਣ ਸਰਗੁਣ ਅਤੇ ਗੁਰਸ਼ਬਦ ਵਿਚੋਂ ਗੁਰ-ਸ਼ਬਦ ਜਾਂ ਸ਼ਬਦ ਧੁਨਿ ਸਰੂਪ ਦਾ ਲਖਾਇਕ ਹੈ ਜਿਵੇਂ ਪਹਿਲੇ ਅਰਜ਼ ਕੀਤਾ ਜਾ ਚੁਕਾ ਹੈ ਕਿ ਮੂਲ ਮੰਤ੍ਰ ਨੂੰ ਤਿੰਨਾਂ ਹਿਸਿਆਂ, ਅਕਾਲ-ਪੁਰਖ ਦਾ ਸਰੂਪ, ਅਕਾਲ ਪੁਰਖ ਦੇ ਗੁਣ ਅਤੇ ਅਕਾਲ ਪੁਰਖ ਦੀ ਪਰਾਪਤੀ ਦੇ ਢੰਗ ਵਿੱਚ ਵੰਡਿਆ ਜਾਂ ਸਕਦਾ ਹੈ। ਇਸ ਲਈ ਮੂਲ-ਮੰਤ੍ਰ ਦੇ ਪਾਠ ਸਮੇਂ ਸ਼ਬਦ 'ਸਤਿਨਾਮੁ' ਨੂੰ ਸਰੂਪ ਵਾਲੇ ਪਾਸੇ ਜੋੜਨਾ ਹੈ। ਗੁਣਾਂ ਵਾਲੇ ਪਾਸੇ ਨਹੀਂ। ਸਰੂਪ ਵਾਲੇ ਪਾਸੇ ਜੋੜ ਕੇ ਭੀ ਤਿੰਨੇ ਸਰੂਪਾਂ ਦੇ ਉਚਾਰਨ ਨੂੰ ਨਿਖੇੜਨਾ ਹੈ। ਇਸ ਲਈ ਮੂਲ-ਮੰਤ੍ਰ ਦਾ ਉਚਾਰਨ ਇਸ ਪ੍ਰਕਾਰ ਕਰਨਾ ਉਚਿੱਤ ਪਰਤੀਤ ਹੁੰਦਾ ਹੈ ਕਿ '੧-ਓ ਸਤਿਨਾਮੁ' ਇਥੇ ਅਰਧ ਵਿਸਰਾਮ ਕਰਨਾ ਹੈ ਤੇ ਅੰਤ ਤੇ 'ਗੁਰ-ਪ੍ਰਸਾਦਿ' ਪੜ੍ਹ ਪੂਰਨ ਵਿਸਰਾਮ ਕਰਨਾ ਹੀ ਦਰੁਸਤ ਉਚਾਰਨ ਜਾਪਦਾ ਹੈ।

## ਗੁਰਸਿੱਖੀ

ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਬਾਣਾ ਪਾ ਕੇ ਅਸੀਂ ਆਪਣੇ ਕਰਮਾਂ ਰਾਹੀਂ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦਾ ਪ੍ਰਗਟਾਵਾ ਕਰਦੇ ਹਾਂ। ਨਿੱਤਨੇਮ ਸਾਡੀ ਗਿਆਨ ਅਤੇ ਪ੍ਰੇਮ ਦੀ ਖੁਰਾਕ ਹੈ। ਕੀਰਤਨ ਦੀ ਮਿਠਾਸ ਇਸ ਨੂੰ ਮਿੱਠੀ ਚੂਰੀ ਬਣਾ ਦਿੰਦਾ ਹੈ।

ਅੰਮ੍ਰਿਤ ਬਾਣੀ ਗਿਆਨ ਦਾ ਅਥਾਹ ਸਾਗਰ ਹੈ। ਹੰਸੁਲੇ ਜੀਉੜੇ ਇਸ ਵਿੱਚ ਡੁਬਕੀਆਂ ਮਾਰ ਕੇ ਨਿਰਮਲਤਾ, ਠੰਡਕ ਅਤੇ ਗਿਆਨ ਦੇ ਸੁੱਚੇ ਮੋਤੀ ਚੁਗਦੇ ਹਨ। ਕਾਂ ਭਾਵੇਂ ਜਿੰਨਾ ਮਰਜ਼ੀ ਗੰਦ ਖਾਵੇ ਉਸ ਨੂੰ ਕੋਈ ਕੁੱਝ ਨਹੀਂ ਕਹਿੰਦਾ। ਪਰ ਹੰਸ ਗੰਦ ਵੱਲ ਤੱਕੇ ਵੀ ਤਾਂ ਬਹੁਤ ਓਪਰਾ ਲੱਗਦਾ ਹੈ। ਅੰਮ੍ਰਿਤਧਾਰੀਆਂ ਨੂੰ ਵੀ ਹੰਸਾਂ ਵਾਂਗ ਸਿਰਫ਼ ਚੰਗੇ ਕੰਮ ਹੀ ਸ਼ੋਭਾ ਦਿੰਦੇ ਹਨ। ਬਾਣੇ ਦੀ ਸ਼ਾਨ ਬਰਕਰਾਰ ਰੱਖਣ ਲਈ ਗਲਤ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਜੇਕਰ ਅੰਮ੍ਰਿਤਧਾਰੀ ਕੋਈ ਗਲਤ ਕੰਮ ਕਰੇਗਾ ਤਾਂ ਉਸਨੂੰ ਧਰਮਰਾਜ ਦੀ ਕਚਹਿਰੀ ਵਿੱਚ ਦੂਜਿਆਂ ਨਾਲੋਂ ਕਈ ਗੁਣਾਂ ਵੱਧ ਸਜ਼ਾ ਭੁਗਤਣੀ ਪਏਗੀ।


www.AKJ.Org

# ਜਿਸਹਿ ਨਿਵਾਜੇ ਸੋ ਜਨੁ ਸੂਰਾ

ਡਾ: ਪਰਮਜੀਤ ਕੌਰ, ਗੁਰੂ ਨਾਨਕ ਗਰਲਜ਼ ਕਾਲਜ ਯਮੁਨਾ ਨਗਰ (ਹਰਿਆਣਾ)

ਸੂਰਾ ਦਾ ਅਰਥ ਹੈ ਵੀਰ ਜਾਂ ਬਲਵਾਨ, ਜਿਹੜਾ ਕਦੇ ਹਾਰਦਾ ਨਹੀਂ, ਢਹਿੰਦੀ ਕਲਾ ਵਿੱਚ ਨਹੀਂ ਵਿਚਰਦਾ। ਚਾਹੇ ਉਸ ਦੀ ਲੜਾਈ ਨਿਆਂ ਦੀ ਰੱਖਿਆ ਲਈ ਦੁਸ਼ਮਣ ਦੇ ਨਾਲ ਜੰਗ ਦੇ ਮੈਦਾਨ ਵਿੱਚ ਹੋਵੇ ਚਾਹੇ ਸਰੀਰ ਰੂਪ ਕਿਲ੍ਹੇ ਵਿੱਚ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਆਦਿਕ ਵਿਕਾਰਾਂ ਨਾਲ ਹੋਵੇ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ *"ਜੋ ਲੋਕ ਕਾਇਰਤਾ ਨੂੰ ਮਨ ਵਿੱਚ ਕਦੇ ਨਹੀਂ ਆਉਣ ਦਿੰਦੇ ਅਤੇ ਜੰਗ ਵਿੱਚ ਸ਼ਤਰੂ ਨੂੰ ਪਿੱਠ ਨਹੀਂ ਦਿਖਾਉਂਦੇ ਅਰ ਵਿਸ਼ੇ ਵਿਕਾਰਾਂ ਉੱਤੇ ਫਤਹ ਪਾਉਂਦੇ ਹਨ ਉਹ ਸਭ ਸਨਮਾਨ ਜੋਗ ਸੂਰਵੀਰ ਹਨ।"*

(ਗੁਰਮਤ ਮਾਰਤੰਡ ਭਾਗ 1, ਪੰਨਾ 180)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜੇ ਜਿਉਂਦੇ, ਪ੍ਰਭੂ ਦੀਆਂ ਨਜ਼ਰਾਂ ਵਿੱਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ ਉਨ੍ਹਾਂ ਦਾ ਮਰਨਾ ਭੀ ਸਲਾਹਿਆ ਜਾਂਦਾ ਹੈ।

ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ।।੨।।
ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ।।
ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ।।
ਦਰਗਹ ਮਾਣੁ ਪਾਵਹਿ, ਪਤਿ ਸਿਉ
ਜਾਵਹਿ, ਆਗੈ ਦੂਖੁ ਨ ਲਾਗੈ।।
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ।।
ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ।।
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ
ਹੋਇ ਮਰਹਿ ਪਰਵਾਣੋ।।੩।।

(ਵਡਹੰਸ ਮ: ੧, ਪੰਨਾ ੫੭੯)

ਪ੍ਰਭੂ ਦੀਆਂ ਨਜ਼ਰਾਂ ਵਿੱਚ ਕਬੂਲ ਹੋਣ ਲਈ ਨਾਮ ਸਿਮਰਨ ਬਹੁਤ ਜ਼ਰੂਰੀ ਹੈ। ਜਿਨ੍ਹਾਂ ਨੂੰ ਹਰਿ ਰੰਗ ਲੱਗ ਜਾਂਦਾ ਹੈ, ਜਿਹੜੇ ਅਕਾਲ ਪੁਰਖ ਨੂੰ ਹਰ ਥਾਂ ਵਿਆਪਕ ਜਾਣਦੇ ਸਿਮਰਦੇ ਹਨ, ਅਹੰਕਾਰ ਨਹੀਂ ਕਰਦੇ ਅਤੇ ਆਪਣੇ ਮਨ ਨੂੰ ਵਸ ਵਿੱਚ ਕਰ ਲੈਂਦੇ ਹਨ ਉਹੀ ਸੂਰਮੇ ਬਣਦੇ ਹਨ। ਗੁਰਵਾਕ ਹਨ-

(ੳ) ਜਾ ਕਉ ਹਰਿ ਰੰਗੁ ਲਾਗੋ
ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ।।

(ਧਨਾਸਰੀ ਮ: ੫, ਪੰਨਾ ੬੭੦)

(ਅ) ਨਾਨਕ ਸੋ ਸੂਰਾ ਵਰੀਆਮੁ ਜਿਨਿ
ਵਿਚਹੁ ਦੁਸਟੁ ਅਹੰਕਰਣੁ ਮਾਰਿਆ।।

(ਵਾਰ ਸਿਰੀ ਰਾਗ ਸਲੋਕ ਮ: ੩, ਪੰਨਾ ੮੬)

ਪ੍ਰਭੂ ਨਾਲ ਜੁੜਨ ਲਈ, ਸਿਮਰਨ ਕਰਨ ਲਈ ਮਨ ਨੂੰ ਵਸ ਵਿੱਚ ਕਰਨਾ ਬਹੁਤ ਜ਼ਰੂਰੀ ਹੈ। ਪ੍ਰਭੂ ਅੰਦਰ ਤਾਂ ਹੀ ਵਸਦਾ ਦਿੱਸਦਾ ਹੈ ਜਦੋਂ ਸਹਜ ਅਵਸਥਾ ਹੋਵੇ। ਠਾਕੁਰੁ ਗਾਈਐ ਆਤਮ ਰੰਗਿ।। (ਪੰਨਾ ੬੭੦) ਮਨ ਨੂੰ ਭਟਕਨ ਨਹੀਂ ਦੇਣਾ ਚਾਹੀਦਾ। ਸਹਜ ਅਵਸਥਾ ਪ੍ਰਭੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ। ਹਉਮੈ ਅਧੀਨ ਹੋ ਕੇ ਆਪਣੇ ਗਿਆਨ ਜਾਂ ਧਨ ਦੇ ਬਲ ਨਾਲ ਜਾਂ ਸਿਆਣਪ ਨਾਲ ਕੋਈ ਭਗਤ ਨਹੀਂ ਬਣ ਸਕਦਾ। ਮਨ ਚੰਚਲ ਹੈ ਬਾਹਰ ਭਟਕਦਾ ਰਹਿੰਦਾ ਹੈ। ਮਨ ਨੂੰ ਵੱਸ ਵਿੱਚ ਕਰਨ ਲਈ ਪੰਜ ਵਿਕਾਰਾਂ ਨਾਲ ਟਾਕਰਾ ਕਰਨਾ ਪੈਂਦਾ ਹੈ। ਭਗਤ ਕਬੀਰ ਜੀ ਸਰੀਰ ਰੂਪ ਕਿਲ੍ਹੇ ਦਾ ਚਿੱਤਰ ਖਿੱਚਦੇ ਹੋਏ ਫੁਰਮਾਉਂਦੇ ਹਨ ਕਿ ਸੂਰਵੀਰ ਨੇ ਸਰੀਰ ਰੂਪੀ ਪੱਕੇ ਕਿਲ੍ਹੇ ਨੂੰ ਜਿੱਤਣਾ ਹੈ। ਸਬਲ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, ਈਰਖਾ, ਨਿੰਦਾ ਆਦਿਕ ਦੀ ਫੌਜ ਲੈ ਕੇ ਲੜਨ ਨੂੰ ਤਿਆਰ ਹਨ। ਕਾਮ ਇਸ ਕਿਲ੍ਹੇ ਦੇ ਦਰਵਾਜ਼ੇ ਦਾ ਮਾਨੋਂ ਮਾਲਕ ਹੈ। ਦੁੱਖ ਅਤੇ ਸੁੱਖ ਪਹਿਰੇਦਾਰ ਹਨ। ਪਾਪ, ਪੁੰਨ ਕਿਲ੍ਹੇ ਦੇ ਦਰਵਾਜ਼ੇ ਹਨ। ਕ੍ਰੋਧ ਕਿਲ੍ਹੇ ਦਾ ਚੌਧਰੀ ਹੈ। ਕਿਲ੍ਹੇ ਵਿੱਚ *'ਮਨ ਰਾਜਾ'* ਆਕੀ ਹੋ ਕੇ ਬੈਠਾ ਹੈ। ਜੀਭ ਦੇ ਚਸਕੇ ਰੂਪੀ ਸੰਜੋਅ *'ਮਨ ਰਾਜਾ'* ਨੇ ਪਾਈ ਹੋਈ ਹੈ। ਮਮਤਾ ਦਾ ਟੋਪ ਪਾਇਆ ਹੈ। ਭੈੜੀ ਮੱਤ ਦੀ ਮਾਨੋਂ ਕਮਾਨ ਕੱਸੀ ਹੋਈ ਹੈ। ਤ੍ਰਿਸ਼ਨਾ ਦੇ ਤੀਰ ਅੰਦਰ ਹੀ ਅੰਦਰ ਕੱਸੇ ਹੋਏ ਹਨ,



www.AKJ.org

ਅਜੇਹੇ ਕਿਲ੍ਹੇ ਨੂੰ ਜਿੱਤਣਾ ਹੈ। ਜੋ ਬਹੁਤ ਔਖਾ ਕੰਮ ਹੈ। ਭਗਤ ਜੀ ਫੁਰਮਾਉਂਦੇ ਹਨ ਕਿ ਜਦੋਂ ਮੈਂ ਪ੍ਰਭੂ ਚਰਨਾਂ ਦੇ ਪ੍ਰੇਮ ਦਾ ਪਲੀਤਾ ਲਾਇਆ, ਸੁਰਤ ਨੂੰ ਜੋੜਿਆ, ਸਹਿਜ ਅਵਸਥਾ ਵਿੱਚ ਪਹੁੰਚ ਕੇ ਅੰਦਰ ਰੱਬੀ ਜੋਤ ਜਗਾਈ ਤਾਂ ਮੈਂ ਸਫ਼ਲ ਹੋ ਗਿਆ। ਸਤਿ ਸੰਤੋਖ ਦੇ ਸਹਾਰੇ ਉਸ ਫੌਜ ਨਾਲ ਲੜਨ ਲੱਗ ਪਿਆ, ਸਤਿਗੁਰੂ ਦੇ ਸਤਸੰਗ ਦੀ ਮੱਦਦ ਨਾਲ ਕਿਲ੍ਹੇ ਦਾ ਆਕੀ ਰਾਜਾ (ਮਨ) ਫੜ ਲਿਆ-

ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ,
ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰੁ ਨ ਪਹੁਚੈ,
ਕਹਾ ਕਰਉ ਰਘੁਰਾਇਆ॥੧॥
ਕਾਮੁ ਕਿਵਾਰੀ, ਦੁਖੁ ਸੁਖੁ ਦਰਵਾਨੀ,
ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ,
ਤਹ ਮਨੁ ਮਾਵਾਸੀ ਰਾਜਾ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ,
ਕੁਬੁਧਿ ਕਮਾਨ ਚਢਾਈ॥
ਤਿਸਨ ਤੀਰ ਰਹੇ ਘਟ ਭੀਤਰ,
ਇਉ ਗਢੁ ਲੀਓ ਨ ਜਾਈ॥੩॥
ਪ੍ਰੇਮ ਪਲੀਤਾ, ਸੁਰਤਿ ਹਵਾਈ,
ਗੋਲਾ ਗਿਆਨੁ ਚਲਾਇਆ॥
ਬ੍ਰਹਮ ਅਗਨਿ ਸਹਜੇ ਪਰਜਾਲੀ,
ਏਕਹਿ ਚੋਟ ਸਿਝਾਇਆ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ,
ਤੋਰੇ ਦੁਇ ਦਰਵਾਜਾ॥
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ,
ਪਕਰਿਓ ਗਢ ਕੋ ਰਾਜਾ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ,
ਕਟੀ ਕਾਲ ਭੈ ਫਾਸੀ॥
ਦਾਸੁ ਕਮੀਰੁ ਚੜਿਓ ਗੜ੍ਹ ਊਪਰਿ,
ਰਾਜੁ ਲੀਓ ਅਬਿਨਾਸੀ॥੬॥੯॥੧੭॥
(ਭੈਰਉ ਕਬੀਰ ਜੀ ਪੰਨਾ ੧੧੬੧)

ਗੁਰੂ ਕਾ ਆਸਰਾ ਲਏ ਬਿਨਾਂ, ਪ੍ਰਭੂ ਦੀ ਕਿਰਪਾ ਤੋਂ ਬਿਨਾਂ ਬਲਵਾਨ ਕਾਮਾਦਿਕ ਨਾਲ ਨਹੀਂ ਲੜਿਆ ਜਾ ਸਕਦਾ। ਜਦੋਂ ਅਕਾਲ ਪੁਰਖ ਦੀ ਬਖ਼ਸ਼ਸ ਹੁੰਦੀ ਹੈ ਤਾਂ ਮਨੁੱਖ ਗੁਰ-ਸ਼ਬਦ ਦੀ ਵੀਚਾਰ ਕਰਦਾ ਹੈ। ਗੁਰਮਤਿ ਅਨੁਸਾਰ ਜੀਵਨ ਢਾਲਣ ਦਾ ਜਤਨ ਕਰਦਾ ਹੈ, ਸਿਮਰਨ ਦੇ ਰਸਤੇ ਤੇ ਪੈਂਦਾ ਹੈ ਅਤੇ ਕਾਮਾਦਿਕ ਨੂੰ ਜਿੱਤ ਕੇ ਮਨ ਨੂੰ ਵੱਸ ਵਿੱਚ ਕਰਕੇ ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿਣਾ ਸਿੱਖ ਲੈਂਦਾ ਹੈ ਅਤੇ ਸੂਰਮਾ ਬਣ ਜਾਂਦਾ ਹੈ। ਗੁਰਵਾਕ ਹਨ :-

(ੳ) ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ,
ਸੇ ਲਾਗੇ ਗੁਰ ਕੀ ਬਾਣੀ॥
(ਸੋਰਠਿ ਮ: ੫, ਪੰਨਾ ੬੦੮)

(ਅ) ਮੇਰਾ ਮਨੁ ਲਾਗਾ ਹੈ ਰਾਮ ਪਿਆਰੇ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ
ਵਸਿ ਕੀਨੇ ਪੰਚ ਦੂਤਾਰੇ॥
(ਧਨਾਸਰੀ ਮ: ੫, ਪੰਨਾ ੬੭੦)

(ੲ) ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ
ਤਿਸ ਨੋ ਹੁਕਮੁ ਮਨਾਵੈ॥
(ਮ: ੫, ਪੰਨਾ ੫੫੧)

(ਸ) ਸੂਰਬੀਰ ਵਰੀਆਮ ਕਿਨੈ ਨ ਹੋੜੀਐ॥
ਫਉਜ ਸਤਾਣੀ ਹਾਠ ਪੰਚਾ ਜੋੜੀਐ॥
ਦਸ ਨਾਰੀ, ਅਉਧੂਤ ਦੇਨਿ, ਚਮੋੜੀਐ॥
ਜਿਣਿ ਜਿਣਿ ਲੈਨਿ ਰਲਾਇ,
ਏਹੋ ਏਨਾ ਲੋੜੀਐ॥
ਤ੍ਰੈਗੁਣ ਇਨ ਕੈ ਵਸਿ ਕਿਨੈ ਨ ਮੋੜੀਐ॥
ਭਰਮੁ ਕੋਟੁ ਮਾਇਆ ਖਾਈ
ਕਹੁ ਕਿਤੁ ਬਿਧਿ ਤੋੜੀਐ॥
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ॥
ਹਉ ਤਿਸੁ ਅਗੈ ਦਿਨੁ ਰਾਤਿ ਰਹਾ, ਕਰ ਜੋੜੀਐ॥੧੫॥
(ਪਉੜੀ ਮ: ੫, ਪੰਨਾ ੫੨੨)

(ਹ) ਗੁਰ ਕਾ ਸਬਦੁ ਮਨੇ ਸੋ ਸੂਰਾ॥ (ਪੰਨਾ ੧੦੨੩)

ਪ੍ਰਭੂ ਦੀ ਕਿਰਪਾ ਹੋ ਜਾਵੇ ਤਾਂ ਮਨੁੱਖ ਮਾਇਆ ਦਾ ਟਾਕਰਾ ਕਰਨ ਲਈ ਸਮਰੱਥ ਹੋ ਜਾਂਦਾ ਹੈ, ਦੁਨੀਆਂ ਦੇ ਡਰਾਂ ਸਹਿਮਾਂ ਤੋਂ ਨਿਰਭਉ ਹੋ ਜਾਂਦਾ ਹੈ। ਮਾਇਆ ਅਤੇ ਕਾਮਾਦਿਕ ਵਿਕਾਰਾਂ ਦੇ ਆਕਰਮਣ ਅੱਗੇ ਅਡੋਲ ਚਿੱਤ ਰਹਿ ਸਕਦਾ ਹੈ। ਮਾਇਆ ਤੋਂ ਉਪਰਾਮ ਹੋ ਕੇ ਗੁਰਮਤਿ ਅਨੁਸਾਰ ਚੱਲਦਾ ਹੋਇਆ ਸਿਮਰਨ ਦੀ ਤਾਕਤ ਨਾਲ ਆਪਣੇ ਆਪੇ ਅਤੇ ਦੁਨੀਆਂ ਦੇ ਆਪੇ ਨੂੰ ਇਕੋ ਜਿਹਾ ਦੇਖਦਾ ਹੈ। ਉਸਦੀ ਦੁਬਿਧਾ ਖਤਮ ਹੋ ਜਾਂਦੀ ਹੈ, ਮੇਰ ਤੇਰ ਦਾ ਵਿਤਕਰਾ ਮੁੱਕ ਜਾਂਦਾ ਹੈ।

(ਬਾਕੀ ਪੰਨਾ ੧੪ ਤੇ......)


www.AKJ.Org

# ਬਹੁ ਪਰਪੰਚ ਕਰਿ ਪਰ ਧਨੁ ਲਿਆਵੈ

੧. ਨਿਤ ਨਿਹਫਲ ਕਰਮ ਕਮਾਇ
ਬਫਾਵੈ ਦੁਰਮਤੀਆ॥
ਜਬ ਆਣੈ ਵਲਵੰਚ ਕਰਿ ਝੂਠੁ
ਤਬ ਜਾਣੈ ਜਗੁ ਜਿਤੀਆ॥੧॥ (ਪੰਨਾ ੧੨੩)

(ਖੋਟੀ ਮਤ ਵਾਲਾ ਮਨੁੱਖ (ਦੁਰਮਤੀਆ) ਹਮੇਸ਼ਾਂ ਨਿਹਫਲ (ਲਾਭ-ਹੀਣ) ਕੰਮ ਕਰਦਾ ਰਹਿੰਦਾ ਹੈ, ਫਿਰ ਵੀ ਅਜਿਹੇ ਵਿਅਰਥ ਕੰਮ ਕਰਕੇ ਫੜ੍ਹਾਂ ਮਾਰਦਾ ਰਹਿੰਦਾ ਹੈ। ਜਦੋਂ ਕੋਈ ਠੱਗੀ ਕਰ ਕੇ, ਕੋਈ ਝੂਠ ਬੋਲ ਕੇ ਕੁਝ ਧਨ-ਮਾਲ ਲੈ ਆਉਂਦਾ ਹੈ ਤਾਂ ਸਮਝਦਾ ਹੈ ਕਿ ਮੈਂ ਦੁਨੀਆਂ ਨੂੰ ਜਿੱਤ ਲਿਆ ਹੈ।)

੨. ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥੧॥ਰਹਾਉ॥
(ਪੰਨਾ ੬੫੬)

(ਕਈ ਤਰ੍ਹਾਂ ਦੀਆਂ ਠੱਗੀਆਂ (ਪਰਪੰਚ) ਕਰ ਕੇ ਤੂੰ ਪਰਾਇਆ ਮਾਲ ਲਿਆਂਉਂਦਾ ਹੈਂ ਅਤੇ ਲਿਆ ਕੇ ਆਪਣੇ ਪੁੱਤਰ ਤੇ ਇਸਤਰੀ ਦੇ ਹਵਾਲੇ ਕਰ ਦਿੰਦਾ ਹੈਂ। ਹੇ ਮੇਰੇ ਭੁੱਲੇ ਹੋਏ ਮਨ ! ਧੋਖਾ ਫਰੇਬ (ਕਪਟ) ਨਾ ਕਰਿਆ ਕਰ। ਅੰਤ ਨੂੰ ਇਨ੍ਹਾਂ ਮੰਦੇ ਕਰਮਾਂ ਦਾ ਲੇਖਾ ਤੇਰੀ ਆਪਣੀ ਜਿੰਦ ਤੋਂ ਹੀ ਲਿਆ ਜਾਣਾ ਹੈ।)

੩. ਕਰਿ ਕਰਿ ਪਾਪ ਦਰਬੁ ਕੀਆ,
ਵਰਤਣ ਕੈ ਤਾਈ॥
ਮਾਟੀ ਸਿਉ ਮਾਟੀ ਰਲੀ,
ਨਾਗਾ ਉਠਿ ਜਾਈ॥੨॥
ਜਾ ਕੈ ਕੀਐ ਸ੍ਰਮੁ ਕਰੈ
ਤੇ ਬੈਰ ਬਿਰੋਧੀ॥
ਅੰਤ ਕਾਲਿ ਭਜਿ ਜਾਹਿਗੇ,
ਕਾਹੇ ਜਲਹੁ ਕਰੋਧੀ॥੩॥ (ਪੰਨਾ ੮੦੯)

(ਸਾਰੀ ਉਮਰ ਪਾਪ ਕਰ ਕਰ ਕੇ ਹੀ ਮਨੁੱਖ ਆਪਣੇ ਵਰਤਣ ਲਈ ਧਨ ਇਕੱਠਾ ਕਰਦਾ ਰਿਹਾ ਪਰ ਮੌਤ ਆਉਣ ਤੇ ਇਸ ਦੇ ਸਰੀਰ ਦੀ ਮਿੱਟੀ ਧਰਤੀ ਨਾਲ ਰਲ ਗਈ ਤੇ ਜੀਵ ਖਾਲੀ ਹੱਥ ਹੀ ਉੱਠ ਕੇ ਤੁਰ ਪਿਆ।੨।

ਜਿਨ੍ਹਾਂ ਸੰਬੰਧੀਆਂ ਦੀ ਖਾਤਰ ਮਨੁੱਖ ਧਨ ਇਕੱਠਾ ਕਰਨ ਲਈ ਮੇਹਨਤ ਕਰਦਾ ਹੈ ਉਹ ਅੰਤ ਤਕ ਸਾਥ ਨਹੀਂ ਨਿਬਾਹ ਸਕਦੇ, ਇਸ ਲਈ ਇਸ ਨਾਲ ਵੈਰ ਵਿਰੋਧ ਕਰਨ ਵਾਲੇ ਹੀ ਬਣਦੇ ਹਨ। ਇਹ ਤਾਂ ਅੰਤ ਵੇਲੇ ਤੇਰਾ ਸਾਥ ਛੱਡ ਜਾਣਗੇ। ਇਨ੍ਹਾਂ ਦੀ ਖਾਤਰ ਹੋਰਨਾਂ ਨਾਲ ਵੈਰ ਸਹੇੜ ਸਹੇੜ ਕਿਉਂ ਕ੍ਰੋਧ ਵਿੱਚ ਸੜਦਾ ਹੈ ?।੩।

੪. ਮਿਰਤੁ ਹਸੈ ਸਿਰ ਊਪਰੇ,
ਪਸੂਆ ਨਹੀ ਬੂਝੈ॥
ਬਾਦ ਸਾਦ ਅਹੰਕਾਰ ਮਹਿ
ਮਰਣਾ ਨਹੀ ਸੂਝੈ॥੧॥ (ਪੰਨਾ ੮੦੯)

(ਮੌਤ ਹਰ ਮਨੁੱਖ ਦੇ ਸਿਰ ਉਤੇ ਖਲੋਤੀ ਹੱਸ ਰਹੀ ਹੈ ਪਰ ਪਸ਼ੂ-ਬਿਰਤੀ ਵਾਲਾ ਮਨੁੱਖ ਇਹ ਗੱਲ ਸਮਝਦਾ ਹੀ ਨਹੀਂ। ਝਗੜਿਆਂ, ਮਾਇਆ ਦੇ ਸੁਆਦਾਂ ਤੇ ਅਹੰਕਾਰ ਵਿਚ ਫਸ ਕੇ ਮਨੁੱਖ ਨੂੰ ਮੌਤ ਸੁੱਝਦੀ ਹੀ ਨਹੀਂ।੧।

ਸਤਿਗੁਰੁ ਸੇਵਹੁ ਆਪਨਾ,
ਕਾਹੇ ਫਿਰਹੁ ਅਭਾਗੇ॥
ਦੇਖਿ ਕਸੁੰਭਾ ਰੰਗੁਲਾ,
ਕਾਹੇ ਭੂਲਿ ਲਾਗੇ॥੧॥ਰਹਾਉ॥
(ਬਿਲਾਵਲ ਮ: ੫, ਪੰਨਾ ੮੦੯)

(ਪੰਨਾ ੧੩ ਦਾ ਬਾਕੀ......)

(ੳ) ਜੋ ਸੂਰਾ ਤਿਸ ਹੀ ਹੋਇ ਮਰਣਾ॥
ਜੋ ਭਾਗੈ ਤਿਸੁ ਜੋਨੀ ਫਿਰਣਾ॥
ਜੋ ਵਰਤਾਏ ਸੋਈ ਭਲ ਮਾਨੈ
ਬੁਝਿ ਹੁਕਮੈ ਦੁਰਮਤਿ ਜਾਲੀਐ॥ (ਪੰਨਾ ੧੦੧੯)

(ਅ) ਨਦਰਿ ਕਰੇ ਤਾ ਸਿਮਰਿਆ ਜਾਇ॥
ਆਤਮਾ ਦ੍ਰਵੈ ਰਹੈ ਲਿਵ ਲਾਇ॥
ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥
(ਧਨਾਸਰੀ ਮ: ੧, ਪੰਨਾ ੬੬੧)

ਪ੍ਰਭੂ ਦੀ ਦਇਆ ਨਾਲ ਉੱਚੀ ਆਤਮਕ ਅਵਸਥਾ ਬਣਦੀ ਹੈ, ਹਰਿ ਰੰਗ ਲੱਗਦਾ ਹੈ ਤੇ ਅਕਾਲ ਪੁਰਖ ਦੀ ਬਖਸ਼ਸ਼ ਨਾਲ ਹੀ ਇਹ ਅਵਸਥਾ ਬਣੀ ਰਹਿੰਦੀ ਹੈ। ਆਮ ਤੌਰ ਤੇ ਮਨੁੱਖ ਰਿੱਧੀਆਂ ਸਿੱਧੀਆਂ ਵੱਲ ਪਰਤ ਜਾਂਦਾ ਹੈ ਪਰ ਇਸ ਡੁਲਾ ਦੇਣ ਵਾਲੀ ਅਵਸਥਾ ਵਿੱਚ ਉਹੀ ਮਨੁੱਖ ਸੰਭਲ ਸਕਦਾ ਹੈ, ਅਡਿੱਗ ਰਹਿ ਸਕਦਾ ਹੈ, ਜਿਸ ਦੀ ਅਕਾਲ ਪੁਰਖ ਆਪ ਮਦਦ ਕਰਦਾ ਹੈ। ਉਹੀ ਸੂਰਮਾ ਅਖਵਾਉਂਦਾ ਹੈ ਜਿਹੜਾ ਪ੍ਰਭੂ ਦੀ ਕਿਰਪਾ ਨਾਲ ਡੋਲਦਾ ਨਹੀਂ-

(ੳ) ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ॥
(ਪੰਨਾ ੯੫੮)

(ਅ) ਹਰਿ ਧਨ ਕੋ ਵਾਪਾਰੀ ਪੂਰਾ॥
ਜਿਸਹਿ ਨਿਵਾਜੇ ਸੋ ਜਨੁ ਸੂਰਾ॥ (ਪੰਨਾ ੧੯੪)


www.AKJ.Org

# ਗੁਰਦੁਆਰਾ ਮਨੀਕਰਨ (ਹਿਮਾਚਲ) ਦੀ ਅਸਲੀਅਤ

(ਸ੍ਰ: ਸੁਰਜੀਤ ਸਿੰਘ)

ਬੀਤੇ ਦਿਨੀਂ ਦਾਸ ਨੂੰ ਪ੍ਰੀਵਾਰ ਸਮੇਤ ਕਿਸੇ ਜੱਥੇ ਨਾਲ ਗੁਰਧਾਮ ਯਾਤਰਾ ਕਰਨ ਦਾ ਮੌਕਾ ਮਿਲਿਆ। ਦੇਗਸਰ ਸਾਹਿਬ, ਮਾਛੀਵਾੜਾ ਸਾਹਿਬ, ਚਮਕੌਰ ਸਾਹਿਬ, ਭੱਠਾ ਸਾਹਿਬ, ਕੀਰਤਪੁਰ ਸਾਹਿਬ ਹੁੰਦੇ ਹੋਏ ਮੰਡੀ (ਹਿਮਾਚਲ) ਪੁੱਜੇ। ਇਥੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਹੈ। ਇਸ ਤੋਂ ਬਾਅਦ ਸਾਰਾ ਜੱਥਾ ਗੁਰਦੁਆਰਾ ਮਨੀਕਰਨ ਪੁੱਜਾ। ਇਹ ਗੁਰਦੁਆਰਾ ਇਕ ਸਾਧ ਸ੍ਰੀ ਨਾਰਾਇਣ ਹਰੀ ਦੁਆਰਾ ਬਣਵਾਇਆ ਗਿਆ ਹੈ ਤੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਿਹਾ ਜਾਂਦਾ ਹੈ। (ਇਤਹਾਸਕ ਤੌਰ ਤੇ ਇਹ ਸੱਚਾਈ ਨਹੀਂ ਹੈ) ਜਦੋਂ ਅਸੀਂ ਗੁਰਦੁਆਰੇ ਵਿਚ ਪ੍ਰਵੇਸ਼ ਹੀ ਕੀਤੇ ਤਾਂ ਕਿ ਆਪੋ ਆਪਣਾ ਸਮਾਨ ਸਰਾਂ ਵਿਚ ਟਿਕਾ ਸਕੀਏ ਤਾਂ ਮੇਰੀ ਪੰਜ ਸਾਲ ਦੀ ਬੱਚੀ ਨੇ ਆਪਣੀ ਮੰਮੀ ਨੂੰ ਕਿਹਾ *'ਇਹ ਤੁਸੀਂ ਮੈਨੂੰ ਕਿੱਥੇ ਲੈ ਆਏ ਹੋ ? ਕੀ ਇਹ ਗੁਰਦੁਆਰਾ ਹੈ ?'* ਬੱਚੀ ਦੇ ਕਹਿਣ ਵਿਚ ਸੱਚਾਈ ਸੀ ਕਿਉਂਕਿ ਗੁਰਦੁਆਰੇ ਦੀਆਂ ਦੀਵਾਰਾਂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਨਾਲ ਭਰੀਆਂ ਪਈਆ ਹਨ। ਮੁੱਖ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਪਰ ਤਾਬਿਆ ਕੋਈ ਸਿੰਘ ਨਹੀਂ ਬੈਠਦਾ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੱਗੇ ਨਾਰਾਇਣ ਹਰੀ ਦੀ ਫੋਟੋ ਲੱਗੀ ਹੋਈ ਹੈ ਜੋ ਕਿ ਗੁਜ਼ਰ ਚੁੱਕੇ ਹਨ ਤੇ ਹੁਣ ਉਨ੍ਹਾਂ ਦੇ ਜਵਾਈ ਰਾਮ ਜੀ ਤੇ ਰਾਮ ਜੀ ਦੀ ਸਾਲੀ ਦੇਵਾ ਜੀ ਇਸ ਅਸਥਾਨ ਦਾ ਪ੍ਰਬੰਧ ਚਲਾ ਰਹੇ ਹਨ। ਮੁੱਖ ਹਾਲ ਦੀਆਂ ਕੰਧਾਂ ਭੀ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਨਾਲ ਭਰੀਆਂ ਪਈਆਂ ਹਨ। ਲੰਗਰ ਛਕਦਿਆਂ .ਮੈਂ ਆਪਣੀ ਬੱਚੀ ਨੂੰ ਪੁਛਿਆ ਕਿ ਉਸਨੂੰ ਮਨੀਕਰਨ ਕਿਹੋ ਜਿਹਾ ਲੱਗਾ ਹੈ। ਬੱਚੀ ਨੇ ਕਿਹਾ *"ਮੈਨੂੰ ਤਾਂ ਬਹੁਤ ਗੰਦਾ ਲੱਗਾ ਹੈ ਕਿਉਂਕਿ ਗੁਰਦੁਆਰੇ ਵਿਚ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਲਗੀਆਂ ਹੋਈਆਂ ਹਨ। ਇਥੇ ਆ ਕੇ ਤਾਂ ਅੰਮ੍ਰਿਤਧਾਰੀਆਂ ਦਾ ਅੰਮ੍ਰਿਤ ਟੁਟ ਜਾਵੇਗਾ। ਇਥੇ ਅੰਮ੍ਰਿਤਧਾਰੀਆਂ ਨੂੰ ਬਿਲਕੁਲ ਨਹੀਂ ਆਉਣਾ ਚਾਹੀਦਾ। ਮੈਂ ਤਾਂ ਇਥੋਂ ਦਾ ਲੰਗਰ ਭੀ ਨਹੀਂ ਛਕਣਾ, ਪਾਣੀ ਭੀ ਨਹੀਂ ਪੀਣਾ। ਮੈਨੂੰ ਹੁਣੇ ਘਰ ਲੈ ਚੱਲੋ।"* ਬੱਚੀ ਦੇ ਇਨ੍ਹਾਂ ਲਫਜ਼ਾਂ ਨੇ ਸਾਨੂੰ ਝੰਜੋੜ ਕੇ ਰੱਖ ਦਿੱਤਾ। ਜਦੋਂ ਬੱਚੀ ਦੀ ਇਹ ਗੱਲਬਾਤ ਜੱਥੇ ਦੇ ਇੰਚਾਰਜ ਨੂੰ ਦੱਸੀ ਗਈ ਤਾਂ ਉਹ ਭੀ ਸੁੰਨ ਹੋ ਗਏ। ਗੁਰਦੁਆਰੇ ਦੇ ਇਤਿਹਾਸ ਨੂੰ ਸਿਵ ਜੀ ਦੇ ਮਿਥਿਹਾਸ ਨਾਲ ਜੋੜ ਕੇ ਇਥੇ ਗੁਰੂ ਨਾਨਕ ਦੇਵ ਜੀ ਦਾ ਆਉਣਾ ਦੱਸਿਆ ਗਿਆ ਹੈ ਜੋ ਕਿ ਇਤਿਹਾਸਕ ਤੌਰ ਤੇ ਦਰੁਸਤ ਨਹੀਂ ਹੈ। ਗੁਰਦੁਆਰੇ ਦੇ ਅੰਦਰ *"ਓਮ੍ ਜੈ ਜਗਦੀਸ ਹਰੇ ...............।"* ਆਰਤੀ ਭੀ ਕੀਤੀ ਜਾਂਦੀ ਹੈ। ਅਰਦਾਸ ਵਿਚ ਗੁਰੂ ਸਾਹਿਬਾਨ, ਪਰਮੇਸ਼ਰ ਦੀ ਬਜਾਏ ਨਾਰਾਇਣ ਹਰੀ ਦੇ ਗੁਣ ਗਾਏ ਜਾਂਦੇ ਹਨ ਤੇ ਕਿਹਾ ਜਾਂਦਾ ਹੈ, *"ਹੇ ਨਾਰਾਇਣ ਹਰੀ ਜੀ ! ਆਪਦੇ ਭਾਣੇ ਵਿਚ ਚਾਰ ਪਹਿਰ ਰੈਣ ਸੁਖ ਦੀ ਬਤੀਤ ਹੋਈ ਹੈ, ਚਾਰ ਪਹਿਰ ਦਿਨ ਚੜ੍ਹਿਆ ਹੈ, ਸੁੱਖ ਦਾ ਬਤੀਤ ਕਰਨਾ।"* ਗੁਰਦੁਆਰੇ ਦੇ ਨਾਲ ਗਰਮ ਪਾਣੀ ਦਾ ਚਸ਼ਮਾ ਹੈ। ਇਸ ਗਰਮ ਕੁੰਡ ਵਿਚ ਗਾਗਰਾਂ ਵਿਚ ਪਾ ਕੇ ਚਾਵਲ ਤੇ ਛੋਲੇ ਉਬਾਲੇ ਜਾਂਦੇ ਹਨ। ਗਰਮ ਕੁੰਡ ਦੇ ਨਾਲ ਹੀ ਸ਼ਿਵ ਜੀ ਦਾ ਮੰਦਿਰ ਹੈ ਜਿਸ ਵਿਚ ਸ਼ਿਵਲਿੰਗ ਤੇ ਸ਼ਿਵ ਜੀ ਦੀ ਮੂਰਤੀ ਰੱਖੀ ਹੋਈ ਹੈ। ਗੁਰਦੁਆਰੇ ਆਉਣ ਵਾਲੇ ਸਿੱਖ ਸ਼ਰਧਾਲੂ ਇਨ੍ਹਾਂ ਮੂਰਤੀਆਂ ਅੱਗੇ ਭੀ ਮੱਥੇ ਟੇਕਦੇ ਹਨ। ਜਦੋਂ ਅਸੀਂ ਗਰਮ ਕੁੰਡ ਕੋਲ ਖਲੋਤੇ ਉਬਲਦੇ ਚਾਵਲ ਛੋਲੇ ਦੇਖ ਰਹੇ ਸਾਂ ਤਾਂ ਅਚਾਨਕ ਦੋ ਸੇਵਾਦਾਰ ਗੁਰਦੁਆਰਾ ਸਾਹਿਬ ਤੋਂ ਇਕ ਥਾਲ ਵਿਚ ਲੰਗਰ ਲਿਆਏ ਤੇ ਸ਼ਿਵਲਿੰਗ ਦੀ ਮੂਰਤੀ ਨੂੰ ਭੋਗ ਲੁਆਣ ਲੱਗੇ। ਉਨ੍ਹਾਂ ਥਾਲ ਵਿਚੋਂ ਦੋ ਪ੍ਰਸ਼ਾਦੇ ਗਰਮ ਕੁੰਡ ਵਿਚ ਪਾਏ ਕੁੱਝ ਜਲ ਗਰਮ ਕੁੰਡ ਵਿੱਚ ਪਾਇਆ ਤੇ ਦੁਬਾਰਾ ਫਿਰ ਸ਼ਿਵਲਿੰਗ ਨੂੰ ਭੋਗ ਲੁਆਇਆ। ਮੈਂ ਸੇਵਾਦਾਰਾਂ ਨੂੰ ਪੁਛਿਆ, *"ਕੀ ਇਥੇ ਲੰਗਰ ਦੀ ਪ੍ਰਵਾਨਗੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਅਰਦਾਸਾ ਸੋਧ ਕੇ ਨਹੀਂ ਲਈ ਜਾਂਦੀ ?"* ਸੇਵਾਦਾਰਾਂ ਨੇ ਉੱਤਰ ਦਿੱਤਾ, *"ਇਥੇ ਲੰਗਰ ਦਾ ਭੋਗ ਸ਼ਿਵਲਿੰਗ ਨੂੰ ਹੀ ਲੁਆਇਆ ਜਾਂਦਾ ਹੈ।"* ਇਹ ਸੁਣ ਕੇ ਮਨ ਬੜਾ ਖੱਟਾ ਹੋਇਆ। ਕੀ ਅਸੀਂ ਅੰਮ੍ਰਿਤਧਾਰੀ ਹੋ ਕੇ ਸ਼ਿਵਲਿੰਗ ਦੀ ਮੂਰਤੀ ਨੂੰ ਲੱਗੇ ਭੋਗ ਵਾਲਾ ਲੰਗਰ ਛਕੀਏ ? ਬਾਕੀ ਰਹਿੰਦੇ ਸਮੇਂ ਵਿੱਚ ਅਸੀਂ ਲੰਗਰ ਹਾਲ ਵਿੱਚ



www.AKJ.Org

ਹੀ ਅਰਦਾਸ ਕਰਕੇ ਕ੍ਰਿਪਾਨ ਭੇਟ ਕਰਕੇ ਲੰਗਰ ਛਕਿਆ ਤਾਂ ਕਈਆਂ ਨੂੰ ਬੜਾ ਅਜੀਬ ਭੀ ਲੱਗਾ। ਗੁਰਦੁਆਰਾ ਸਾਹਿਬ ਦੇ ਦੋ ਅੰਮ੍ਰਿਤਧਾਰੀ ਸੇਵਾਦਾਰਾਂ ਨੂੰ ਅਸੀਂ ਪੁਛਿਆ ਕਿ ਇਥੇ ਲੰਗਰ ਦਾ ਭੋਗ ਮੂਰਤੀ ਨੂੰ ਕਿਉਂ ਲਗਾਇਆ ਜਾਂਦਾ ਹੈ ? ਇਹ ਤਾਂ ਅੰਮ੍ਰਿਤਧਾਰੀਆਂ ਦੇ ਧਰਮ ਨੂੰ ਭ੍ਰਿਸ਼ਟ ਕਰਨ ਵਾਲੀ ਗੱਲ ਹੈ। ਉਨ੍ਹਾਂ ਨੇ ਜੁਆਬ ਦਿੱਤਾ *"ਇਹ ਮਰਯਾਦਾ ਨਾਰਾਇਣ ਹਰੀ ਜੀ ਚਲਾ ਗਏ ਹਨ। ਉਹ ਸ਼ਿਵ ਜੀ ਦੇ ਉਪਾਸ਼ਕ ਸਨ।"* ਸਥਾਨ ਤੋਂ 4 ਕਿਲੋਮੀਟਰ ਦੂਰ ਪਹਾੜੀ ਤੇ ਨਾਰਾਇਣ ਹਰੀ ਦਾ ਤਪੋ ਸਥਾਨ ਹੈ ਜਿਥੇ ਸ਼ਿਵ ਜੀ ਦੀ ਮੂਰਤੀ ਲੱਗੀ ਹੋਈ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇੱਥੇ ਸ਼ਿਵ ਜੀ ਤਾ ਮੰਦਰ ਬਣਵਾਇਆ ਪਰ ਮੰਦਰ ਵਿੱਚ ਬਹੁਤ ਘੱਟ ਹਿੰਦੂ ਸ਼ਰਧਾਲੂ ਆਉਂਦੇ ਸਨ ਤੇ ਚੜ੍ਹਾਵਾ ਬਹੁਤ ਹੀ ਘੱਟ ਇਕੱਤਰ ਹੁੰਦਾ ਸੀ। ਕਿਸੇ ਨੇ ਨਾਰਾਇਣ ਹਰੀ ਨੂੰ ਕਿਹਾ, ਇਤਿਹਾਸ ਵਿੱਚ (ਜੋ ਕਿ ਸਹੀ ਨਹੀਂ ਹੈ) ਗੁਰੂ ਨਾਨਕ ਦੇਵ ਜੀ ਦੇ ਇਧਰ ਆਉਣ ਬਾਰੇ ਵੇਰਵਾ ਮਿਲਦਾ ਹੈ। ਜੇਕਰ ਨਾਰਾਇਣ ਹਰੀ, ਮੰਦਰ ਦੇ ਨਾਲ ਇਕ ਗੁਰਦੁਆਰਾ ਬਣਵਾ ਦੇਣ ਤਾਂ ਸਿੱਖ ਕੌਮ ਬੜੀ ਹੀ ਭੋਲੀ ਹੈ। ਉਹ ਵਹੀਰਾਂ ਘੱਤ ਕੇ ਇਥੇ ਆਉਣਾ ਸ਼ੁਰੂ ਕਰ ਦੇਵੇਗੀ ਤੇ ਦੁਕਾਨਦਾਰੀ ਚੰਗੀ ਚੱਲੇਗੀ। ਗੁਰਦੁਆਰੇ ਦੇ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਲਾਉਣ ਮਗਰ ਭੀ ਇਹੋ ਸੋਚ ਸੀ ਕਿ ਦੋਵੇਂ ਫਿਰਕੇ ਇੱਥੇ ਆਉਣਗੇ ਅਤੇ ਦੁਕਾਨਦਾਰੀ ਦੋਹਰੀ ਚਮਕੇਗੀ। ਸੇਵਾਦਾਰਾਂ ਨੇ ਦੱਸਿਆ ਕਿ ਉਹ ਖੁਦ ਇਸ ਅਸਥਾਨ ਦੀ ਮਿਲਗੋਭਾ ਮਰਯਾਦਾ ਤੋਂ ਬੜੇ ਦੁਖੀ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਤੋਂ ਕੁਝ ਬੰਦੇ ਰਾਮ ਜੀ ਨਾਲ ਗੱਲਬਾਤ ਕਰਨ ਆਏ ਸਨ। ਰਾਮ ਜੀ ਨੇ ਕਿਹਾ ਉਹ ਮੁੱਖ ਰੂਪ ਵਿਚ ਮੰਦਰ ਦੇ ਹੀ ਪੁਜਾਰੀ ਹਨ। ਗੁਰਦੁਆਰਾ ਉਨ੍ਹਾਂ ਲਈ ਬਹੁਤੀ ਮਹੱਤਤਾ ਨਹੀਂ ਰੱਖਦਾ। ਰਾਮ ਜੀ ਨੇ ਕਿਹਾ ਕਿ ਇਹ ਅਸਥਾਨ ਸ਼੍ਰੋਮਣੀ ਕਮੇਟੀ ਦੇ ਅਧੀਨ ਨਹੀਂ ਹੈ ਤੇ ਨਾ ਹੀ ਕੋਈ ਟ੍ਰਸਟ ਹੈ। ਜੋ ਉਹ ਤੇ ਦੇਵਾ ਚਾਹੁਣਗੇ ਉਹੀ ਕੁਝ ਹੋਵੇਗਾ। ਸੇਵਾਦਾਰਾਂ ਨੇ ਦੱਸਿਆ ਕਿ ਇਹ ਅਸਥਾਨ ਰਾਮ ਜੀ ਤੇ ਦੇਵਾ ਜੀ ਦੀ ਦੁਕਾਨਦਾਰੀ ਹੈ। ਉਨ੍ਹਾਂ ਕਿਹਾ ਸਿੱਖ ਬੜੇ ਬੇਵਕੂਫ ਹਨ। ਕਈ 500 ਰੁਪਏ ਕਈ 1000 ਰੁਪਏ ਤੇ ਕਈ ਦੋ ਦੋ ਹਜ਼ਾਰ ਰੁਪਏ ਤਕ ਮੱਥਾ ਟੇਕ ਜਾਂਦੇ ਹਨ ਇਸ ਅਸਥਾਨ ਵਲੋਂ 100 ਰੁਪਏ ਸਲਾਨਾ ਦੇ 50000 ਲਾਈਫ ਮੈਂਬਰ ਬਣਾਏ ਗਏ ਹਨ। ਜਿਸ ਤੋਂ 50 ਲੱਖ ਰੁਪਏ ਦੀ ਸਾਲਾਨਾ ਪੱਕੀ ਆਮਦਨ ਹੈ। ਸੇਵਾਦਾਰਾਂ ਨੇ ਦੱਸਿਆ ਇਸ ਅਸਥਾਨ ਤੇ ਚਲ ਰਹੀ ਮਨਮਤ ਤੇ ਦੁਕਾਨਦਾਰੀ ਲਈ ਸ਼੍ਰੋਮਣੀ ਕਮੇਟੀ ਤੇ ਪੂਰੀ ਸਿੱਖ ਕੌਮ ਜ਼ਿੰਮੇਵਾਰ ਹੈ। ਕਿਉਂਕਿ ਇਸ ਮਨਮਤ ਵਿਰੁੱਧ ਸ਼੍ਰੋਮਣੀ ਕਮੇਟੀ ਸਿੰਘ ਸਭਾਵਾਂ, ਧਾਰਮਿਕ ਜਥੇਬੰਦੀਆਂ ਵਲੋਂ ਕੋਈ ਆਵਾਜ਼ ਨਹੀਂ ਉਠਾਈ ਜਾ ਰਹੀ। ਅਖੰਡ ਕੀਰਤਨੀ ਜਥੇ ਦੇ ਸਿੰਘ ਸਿੰਘਣੀਆਂ ਭੀ ਕਾਫੀ ਗਿਣਤੀ ਵਿੱਚ ਇੱਥੇ ਆਉਂਦੇ ਹਨ।

ਸਿੰਘ-ਸਾਹਿਬਾਨ, ਸ਼੍ਰੋਮਣੀ ਕਮੇਟੀ, ਸਿੰਘ ਸਭਾਵਾਂ, ਧਾਰਮਿਕ ਜਥੇਬੰਦੀਆਂ ਤੇ ਸਿੱਖ ਸੰਗਤਾਂ ਨੂੰ ਇਥੇ ਚਲ ਰਹੀ ਮਨਮਤ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ ਤੇ ਇਸ ਅਸਥਾਨ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਹੈ।

## ਸਤਿਗੁਰੂ ਜੀ ਅੱਗੇ ਅਰਜੋਈ

(ਨਰਿੰਦਰ ਕੌਰ)

ਮੇਰੇ ਸਤਿਗੁਰੂ ਜੀ ਮਿਹਰ ਕਰੋ,
ਨਾਮ ਦੀ ਦੇਵੋ ਦਾਤ ਮੈਨੂੰ।
ਹਿਰਦਾ ਨਿਰਮਲ ਤੇ ਸ਼ੁੱਧ ਹੋਵੇ,
ਨਾਮ ਜਪਣ ਦੀ ਜੁਗਤੀ ਸਿਖਾਉ ਮੈਨੂੰ।
ਦਾਤਾਂ ਵੰਡਦੇ ਹੋ ਬੇਅੰਤ,
ਮਨਮੁੱਖ ਤੋਂ ਗੁਰਮੁਖ ਬਣਾ ਦਿਉ ਮੈਨੂੰ।
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜੇ ਦੁਸ਼ਮਣ,
ਇਨ੍ਹਾਂ ਤੋਂ ਛੁਡਾ ਦਿਉ ਮੈਨੂੰ।
ਮਾਇਆ ਨਾਗਨੀ ਲਪੇਟ ਲੈਂਦੀ,
ਨਾਮ ਜਪਣ ਵੱਲ ਲਾ ਦਿਉ ਮੈਨੂੰ।
ਮਨ ਭੌਰੇ ਦੀ ਨਿਆਈਂ ਉਡਿਆ ਫਿਰੇ,
ਕਿਰਪਾ ਕਰਕੇ ਸਮਝਾ ਦਿਉ ਮੈਨੂੰ।
ਸੁਆਸ ਸੁਆਸ ਨਾਮ ਜਪਾਂ,
ਗੁਰਮਤਿ ਦੀ ਸੋਝੀ ਪਾ ਦਿਉ ਮੈਨੂੰ।
ਤੁਹਾਡੇ ਦਰ ਤੋਂ ਖਾਲੀ ਕੋਈ ਜਾਂਦਾ ਨਹੀਂ,
ਆਸ ਮੇਰੀ ਪੂਰੀ ਕਰ ਦਿਖਾ ਦਿਉ ਮੈਨੂੰ।
ਨਾਮ ਬਿਨਾਂ ਵੀ ਧ੍ਰਿਗ ਜੀਵਨ ਹੈ,
ਅਜਿਹੇ ਜਿਉਣ ਤੋਂ ਬਚਾ ਲਉ ਮੈਨੂੰ।
ਤਰਸ ਕਰੋ, ਮਿਹਰ ਕਰੋ, ਸਤਿਗੁਰੂ ਜੀ,
ਨਾਮ ਦੀ ਦਾਤ ਪਾ ਦਿਉ ਮੈਨੂੰ।
ਤਰਸ ਕਰੋ, ਮਿਹਰ ਕਰੋ, ਸਤਿਗੁਰੂ ਜੀ,
ਝੋਲੀ ਨਾਮ ਬਾਣੀ ਦੀ ਖੈਰ ਪਾ ਦਿਉ ਮੈਨੂੰ।



www.AKJ.Org

# ਤਮਾਕੂ ਤੇ ਇਸ ਦੀ ਵਰਤੋਂ ਦੇ ਭੈੜੇ ਅਸਰ

(ਡਾ: ਮਹਿੰਦਰ ਸਿੰਘ)

**ਤਮਾਕੂ ਦਾ ਇਤਿਹਾਸ :-** ਭਾਰਤ ਰਿਸ਼ੀਆਂ ਮੁਨੀਆਂ, ਅਵਤਾਰਾਂ, ਪੀਰਾਂ ਭਗਤਾਂ, ਗੁਰੂਆਂ ਦੀ ਪਵਿੱਤਰ ਧਰਤੀ ਉਤੇ ਇਹ ਤਮਾਕੂ ਦੀ ਦੁਰਗੰਧ ਭਰੀ ਬੂਟੀ ਰੱਬ ਨੇ ਪੈਦਾ ਹੀ ਨਹੀਂ ਕੀਤੀ ਸੀ। ਇਤਿਹਾਸ ਤੋਂ ਪਤਾ ਚਲਦਾ ਹੈ ਕਿ ਦੱਖਣੀ ਅਮਰੀਕਾ ਦੇ ਲੋਕ ਚਿਰਕਾਲ ਤੋਂ ਇਸ ਦੀ ਵਰਤੋਂ ਕਰਦੇ ਸੀ। ਕੁਲੰਬਸ, ਜਿਸ ਨੇ ਪਹਿਲਾਂ ਪਹਿਲ ਅਮਰੀਕਾ ਦੇਸ਼ ਲਭਿਆ ਸੀ, 1492 ਈ. ਵਿੱਚ ਜਦ ਉਸ ਦੇ ਜਹਾਜ਼ ਕੂਬਾ ਪਹੁੰਚੇ ਸੀ, ਉਸ ਨੇ ਆਪਣੇ ਦੋ ਮਲਾਹ ਉਸ ਟਾਪੂ ਦੇ ਹਾਲਾਤ ਮਾਲੂਮ ਕਰਨ ਲਈ ਭੇਜੇ। ਜਦ ਉਹ ਵਾਪਸ ਆਏ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਇਕ ਅਨੋਖੀ ਗੱਲ ਵੇਖ ਕੇ ਆਏ ਹਾਂ ਏਥੋਂ ਦੇ ਲੋਕਾਂ ਨੂੰ ਆਪਣੇ ਨੱਕ ਤੇ ਮੂੰਹ ਵਿਚੋਂ ਧੂੰਆਂ ਕੱਢਦਿਆਂ ਵੇਖਿਆ ਹੈ।

ਉਸ ਦੇ ਮਗਰੋਂ ਜਦ ਹੋਰ ਵੀ ਸੈਲਾਨੀ ਉਸ ਨਵੀਂ ਦੁਨੀਆਂ ਅਥਵਾ, ਅਮਰੀਕਾ ਵਿੱਚ ਗਏ ਤਾਂ ਬਹੁਤ ਥਾਵਾਂ ਤੇ ਲੋਕਾਂ ਨੂੰ ਮੂੰਹਾਂ ਵਿਚੋਂ ਧੂੰਆਂ ਕੱਢਦੇ ਭਾਵ ਤਮਾਕੂ ਪੀਂਦੇ ਵੇਖ ਕੇ ਹੈਰਾਨ ਹੁੰਦੇ ਰਹੇ। ਪ੍ਰੰਤੂ ਉਸ ਸਮੇਂ ਤੋਂ ਸੌ ਸਾਲ ਤਕ ਵੀ ਏਸ਼ੀਆਂ ਮਹਾਂਦੀਪ ਵਿੱਚ ਤਮਾਕੂ ਨਹੀਂ ਆਇਆ ਸੀ। ਫਰਾਂਸ ਵਿੱਚ 1556 ਵਿੱਚ ਅਤੇ ਪੁਰਤਗਾਲ ਵਿੱਚ 1558 ਵਿੱਚ ਪਹੁੰਚ ਚੁੱਕਾ ਸੀ। ਉਸ ਤੋਂ ਮਗਰੋਂ ਸਪੇਨ ਵਿੱਚ 1559 ਅਤੇ ਇੰਗਲੈਂਡ ਵਿੱਚ ਪਹਿਲਾਂ ਪਹਿਲ ਸਰ ਵਾਲਟਰ ਰੈਲੇ (Sir Walter Releigh) ਅਤੇ ਸਰ ਜਾਨ ਹਾਕਿਨਸ (Sir John Hawkins) ਤਮਾਕੂ 1556 ਵਿਚ ਲਿਆਏ ਸਨ। ਇਸ ਦੇ ਸੰਬੰਧ ਵਿਚ ਇਕ ਕਹਾਣੀ ਵੀ ਪ੍ਰਸਿੱਧ ਹੈ ਕਿ ਇਕ ਦਿਨ ਜਦ ਸਰ ਵਾਲਟਰ ਰੈਲੇ ਤਮਾਕੂ ਪੀ ਰਿਹਾ ਸੀ ਤਾਂ ਉਸ ਦੇ ਇਕ ਨੌਕਰ ਨੇ ਉਸ ਦੇ ਮੂੰਹ ਵਿਚੋਂ ਧੂੰਆਂ ਨਿਕਲਦਿਆਂ ਵੇਖਿਆ ਤਾਂ ਇਹ ਖਿਆਲ ਕਰਕੇ ਕਿ ਸ਼ਾਇਦ ਮੇਰੇ ਮਾਲਕ ਨੂੰ ਅੱਗ ਗਈ ਹੈ ਝਟ ਪਟ ਉਨ੍ਹਾਂ ਉੱਤੇ ਇਕ ਪਾਣੀ ਦੀ ਬਾਲਟੀ ਪਾ ਦਿਤੀ।

ਭਾਰਤ ਵਿਚ ਤਾਂ ਪੁਰਤਗਾਲੀ ਵਪਾਰੀ ਹੀ ਮੁਗਲਾਂ ਦੇ ਸਮੇਂ 1605 ਈ. ਵਿੱਚ ਇਸਨੂੰ ਲਿਆਏ ਸਨ।

**ਪਹਿਲਾਂ ਪਹਿਲ ਤਮਾਕੂ ਉੱਤੇ ਪਾਬੰਦੀ :-** ਤਮਾਕੂ ਪੀਣ ਦੀ ਭੈੜੀ ਆਦਤ ਨੂੰ ਫੈਲਣ ਤੋਂ ਰੋਕਣ ਲਈ ਪਹਿਲਾਂ ਪਹਿਲ ਸਾਰੇ ਦੇਸ਼ਾਂ ਦੇ ਬਾਦਸ਼ਾਹਾਂ ਨੇ ਸਖਤ ਹੁਕਮ ਜਾਰੀ ਕੀਤੇ ਸਨ। ਯੂਰਪ ਦੇ ਵਿੱਚ ਮੁਸਲਮਾਨ, ਈਸਾਈ ਤੇ ਹੋਰ ਬਾਦਸ਼ਾਹਾਂ ਨੇ ਮਿਲਕੇ ਇਸ ਦੀ ਉੱਨਤੀ ਨੂੰ ਰੋਕਣ ਲਈ ਸਾਂਝੇ ਯਤਨ ਵੀ ਕੀਤੇ ਸਨ। ਵਲਾਇਤ ਵਿੱਚ ਮਲਕਾ ਐਲਜ਼ਬਿਥ ਨੇ ਤਮਾਕੂ ਪੀਣ ਨੂੰ ਲਿਖਤੀ ਹੁਕਮ ਰਾਹੀਂ ਵਰਜਿਤ ਕੀਤਾ ਸੀ। ਉਨ੍ਹਾਂ ਦੇ ਉਪਰੰਤ ਬਾਦਸ਼ਾਹ ਜੇਮਸ ਨੇ ਤਮਾਕੂ ਪੀਣ ਦੇ ਦੋਸ਼ੀ ਲਈ ਸਖਤ ਜ਼ੁਰਮਾਨੇ ਦਾ ਦੰਡ ਨੀਯਤ ਕੀਤਾ। ਉਨ੍ਹਾਂ ਦੇ ਜਾਨਸ਼ੀਨ ਭਾਵ ਉਤਰਾਧਿਕਾਰੀ ਬਾਦਸ਼ਾਹ ਚਾਰਲਸ ਨੇ ਵੀ ਤਮਾਕੂ ਵਿਰੁਧ ਬਣਾਏ ਉਸੇ ਕਾਨੂੰਨ ਨੂੰ ਬਹਾਲ ਰਖਿਆ ਸੀ।

ਜਿਸ ਤਰ੍ਹਾਂ ਕਿ ਇਤਿਹਾਸ *'ਖੁਲਾਸਾ ਅਲਤਵਾਰੀਖ'* ਵਿਚ ਦਰਜ ਹੈ, ਬਾਦਸ਼ਾਹ ਜਹਾਂਗੀਰ ਨੇ ਆਪਣੀ ਹਕੂਮਤ ਦੇ ਚੌਧਵੇਂ ਸਾਲ ਵਿੱਚ ਜਦ ਕਿ ਉਹ ਲਾਹੌਰ ਆਇਆ ਹੋਇਆ ਸੀ, ਤਮਾਕੂ ਪੀਣ ਦੀ ਸਖਤ ਮਨਾਹੀ ਕੀਤੀ ਅਤੇ ਹੁਕਮ ਜਾਰੀ ਕੀਤਾ ਗਿਆ ਕਿ ਜੋ ਪੁਰਸ਼ ਤਮਾਕੂ ਪੀਏਗਾ, ਉਸ ਦੇ ਬੁੱਲ ਕੱਟ ਦਿੱਤੇ ਜਾਣਗੇ।

ਸੰਸਾਰ ਵਿੱਚ ਚੰਗੀ ਆਦਤ ਦੀ ਥਾਂ ਭੈੜੀ ਆਦਤ ਤੇਜ਼ੀ ਨਾਲ ਫੈਲਦੀ ਹੈ। ਚੰਗਿਆਈ ਦੀ ਥਾਂ ਬੁਰਿਆਈ ਬਿਨਾਂ ਕਿਸੇ ਯਤਨ ਹੀ ਵਧਦੀ ਫੁਲਦੀ ਹੈ। ਸੋ ਇਸੇ ਕਾਰਨ ਤਮਾਕੂ ਦੀ ਭੈੜੀ ਆਦਤ ਹੌਲੇ ਹੌਲੇ ਵੱਧਦੀ ਹੀ ਗਈ।

**ਸਿਗਰਟ ਦਾ ਧੂੰਆਂ (Cigarette smoke) :-** ਸਿਗਰਟ ਦੇ ਧੂਏਂ ਵਿੱਚ ਬਹੁਤ ਪ੍ਰਕਾਰ ਦੇ ਰਸਾਇਣਕ ਤੱਤ ਹੁੰਦੇ ਹਨ। ਜਿਨ੍ਹਾਂ ਵਿਚੋਂ ਨਿਕੋਟੀਨ (Nicotine) ਮੁੱਖ ਭਾਗ ਹੈ। ਇਹ ਸਫੇਦ ਰੰਗ ਦੀ ਬਹੁਤ ਸਖਤ ਜ਼ਹਿਰ ਹੈ। ਜੇਕਰ ਇਸ ਦਾ ਖਾਲਸ ਇਕ ਕਤਰਾ ਕਿਸੇ ਮਨੁੱਖ ਦੀ ਖੂਨ ਨਾੜੀ (Vein) ਵਿਚ ਇੰਨਜੈਕਸ਼ਨ ਰਾਹੀਂ ਦਾਖਲ ਕਰ ਦਿੱਤਾ ਜਾਵੇ ਤਾਂ ਕੁੱਝ ਮਿੰਟਾਂ ਵਿੱਚ ਹੀ ਉਸ ਦੀ ਮੌਤ ਹੋ ਜਾਵੇਗੀ। ਜੋ ਲੋਕ ਦਿਨ ਵਿੱਚ ਬਹੁਤ ਸਿਗਰਟ ਪੀਂਦੇ ਹਨ ਅਤੇ ਉਨ੍ਹਾਂ ਸਿਗਰਟਾਂ ਵਿਚੋਂ ਜੋ ਨਿਕੋਟੀਨ ਆਪਣੇ ਸਰੀਰ ਵਿਚ ਜ਼ਜ਼ਬ ਕਰ ਲੈਂਦੇ ਹਨ ਜੇਕਰ ਉੱਨੀ ਹੀ ਨਿਕੋਟੀਨ ਸਿੱਧੇ ਤੌਰ ਤੇ ਖੂਨ ਵਿੱਚ ਦਾਖਲ ਕਰ ਦਿੱਤੀ ਜਾਵੇ ਤਾਂ ਤੁਰੰਤ ਬੰਦੇ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਪਰ ਸਿਗਰਟ ਪੀਣ ਵਾਲੇ ਦੀ ਮੌਤ ਨਹੀਂ ਹੁੰਦੀ ਕਿਉਂਕਿ ਉਹ ਕਿਸੇ ਇਕੋ ਵਾਰ ਇਕੋ ਸਮੇਂ ਨਿਕੋਟੀਨ ਦੀ ਜੋ ਮਾਤਰਾ ਜਜ਼ਬ ਕਰਦਾ ਹੈ, ਉਹ ਘਾਤਕ ਮਾਤਰਾ (fatal dose) ਨਾਲੋਂ ਘੱਟ ਹੁੰਦੀ ਹੈ। ਵੈਸੇ ਤਿੰਨ ਸਿਗਰਟਾਂ ਦੀ ਹੀ ਖਾਲਸ ਨਿਕੋਟੀਨ ਖੂਨ ਵਿੱਚ



www.AKJ.Org

ਦਾਖਲ ਕਰਨ ਨਾਲ ਮੌਤ ਹੋ ਸਕਦੀ ਹੈ। ਤਮਾਕੂ ਜਾਂ ਸਿਗਰਟ ਪੀਣ ਦੀ ਪੱਕੀ ਆਦਤ ਵੀ ਨਿਕੋਟੀਨ ਦੀ ਜ਼ਹਿਰ ਕਰਕੇ ਹੀ ਹੁੰਦੀ ਹੈ। ਸਿਗਰਟ ਦੇ ਧੂਏਂ ਰਾਹੀਂ ਜੋ ਨਿਕੋਟੀਨ ਮਨੁੱਖ ਅੰਦਰ ਦਾਖਲ ਹੋ ਜਾਂਦੀ ਹੈ, ਉਹ ਸਿਲੀਆ, ਅਰਥਾਤ ਸਾਹ ਅੰਗਾਂ ਦੀ ਅੰਦਰਲੀ ਝਿੱਲੀ ਵਿਚ ਸੈਲਾਂ ਉਤੇ ਅਤੀ ਮਹੀਨ ਤੰਦਾਂ ਵਾਂਗ ਉਭਾਰ (Cilia means thread like projections from cells in the lining of Respiratory tract) ਨੂੰ ਸਮਾਂ ਪਾ ਕੇ ਨਸ਼ਟ ਕਰ ਦਿੰਦੀ ਹੈ।

ਨਿਕੋਟੀਨ ਤੋਂ ਬਿਨਾਂ ਸਿਗਰਟ ਧੂਏਂ ਵਿਚ ਹੋਰ ਸਖਤ ਹਾਨੀਕਾਰਕ ਗੈਸਾਂ ਤੇ ਰਸਾਇਣਕ ਤੱਤ- ਕਾਰਬਨ ਮੋਨੋਆਕਸਾਈਡ (Carbon Monoxide) ਹਾਈਡਰੋਜ਼ਨ ਸਿਆਨਾਇਡ (Hydrogen Cyanide) ਪਾਈਰੀਡੀਨ (Pyridine) ਅਮੋਨੀਆ (Ammonia) ਅਤੇ ਐਲਡੇਹਾਈਡ (Aldehide) ਆਦਿ ਹੁੰਦੇ ਹਨ ਅਤੇ ਸਿਗਰਟ ਧੂਏਂ ਵਿਚ ਕੈਂਸਰ ਪੈਦਾ ਕਰਨ ਦੇ ਕਈ ਜ਼ਹਿਰ (Carcinogens) ਹੁੰਦੇ ਹਨ ਜਿਨ੍ਹਾਂ ਕਰਕੇ ਕੈਂਸਰ ਦਾ ਰੋਗ ਉਤਪੰਨ ਹੋ ਜਾਂਦਾ ਹੈ। ਇਹ ਸੈਂਕੜੇ ਮਨੁੱਖਾਂ ਵਿਚ ਮਰਨ ਮਗਰੋਂ ਪੋਸਟ ਮਾਰਟਮ ਕਰਕੇ ਪ੍ਰਤੱਖ ਵੇਖੇ ਗਏ ਹਨ।

## ਸਿਹਤ ਉਤੇ ਸਿਗਰਟ ਦਾ ਅਸਰ

**1) ਫੇਫੜਿਆਂ ਦਾ ਕੈਂਸਰ (Lung Cancer) :-** ਹੁਣ ਕੈਂਸਰ ਦਾ ਰੋਗ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਪਿਛਲੇ 25 ਸਾਲਾਂ ਤੋਂ ਪੱਛਮ ਦੇ ਉੱਨਤ ਦੇਸ਼ਾਂ ਅਮਰੀਕਾ, ਇੰਗਲੈਂਡ ਆਦਿ ਵਿੱਚ ਫੇਫੜਿਆਂ ਦੇ ਕੈਂਸਰ ਨਾਲ ਮੌਤਾਂ ਦੀ ਗਿਣਤੀ ਬਹੁਤ ਵੱਧ ਗਈ ਹੈ।

ਅਮਰੀਕਨ ਕੈਂਸਰ ਸੁਸਾਇਟੀ ਦੀ ਰਿਪੋਰਟ ਅਨੁਸਾਰ ਹਰ ਸਾਲ ਅਮਰੀਕਾ ਵਿਚ ਸਵਾ ਤਿੰਨ ਲੱਖ ਤੋਂ ਵੱਧ ਮੌਤਾਂ ਕੈਂਸਰ ਰੋਗ ਨਾਲ ਹੋ ਜਾਂਦੀਆਂ ਹਨ ਜਿਨ੍ਹਾਂ ਵਿਚੋਂ 50000 ਮੌਤਾਂ ਸਿਗਰਟ ਪੀਣ ਕਰਕੇ ਕੈਂਸਰ ਰੋਗ ਨਾਲ ਹੁੰਦੀਆਂ ਹਨ।

ਜਦ ਸਿਗਰਟ ਦੇ ਧੂਏਂ ਨੂੰ ਜਿਸ ਵਿਚ ਕੈਂਸਰ ਪੈਦਾ ਕਰਨ ਦਾ ਜ਼ਹਿਰ ਕਾਰਸੀਨੋ ਜੀਨਸ (Carcinogens) ਹੁੰਦੇ ਹਨ, ਸਾਹ ਰਾਹੀਂ ਸਿਗਰਟ ਪੀਣ ਵੇਲੇ ਅੰਦਰ ਖਿਚਦੇ ਹਨ ਤਾਂ ਇਹ ਮੂੰਹ ਤੇ ਗਲੇ ਵਿਚੋਂ ਹਵਾ ਨਾਲੀਆਂ (Trachea & Bronchi) ਰਾਹੀਂ ਫੇਫੜਿਆਂ ਵਿਚ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਕੈਂਸਰ ਪੈਦਾ ਕਰਨ ਦੀ ਜ਼ਹਿਰ ਉਥੇ ਜਮ੍ਹਾਂ ਹੁੰਦੀ ਰਹਿੰਦੀ ਹੈ। ਇਸੇ ਕਾਰਨ ਫੇਫੜਿਆਂ ਦਾ ਕੈਂਸਰ ਬਣਕੇ ਸਿਗਰਟ ਪੀਣ ਵਾਲਾ ਆਪਣੇ ਜੀਵਨ ਨੂੰ ਮੌਤ ਦੇ ਹਵਾਲੇ ਕਰ ਦਿੰਦਾ ਹੈ।

1964 ਵਿਚ ਅਮਰੀਕਾ ਦੇ ਸਿਹਤ ਵਿਭਾਗ ਨੇ ਇਕ ਰਿਪੋਰਟ (Smoking & Health Summary of The Report of the advisory committee to the surgeon general) ਛਾਪੀ ਸੀ ਜਿਸ ਵਿਚ ਦਰਜ ਹੈ ਕਿ ਫੇਫੜਿਆਂ ਦੇ ਕੈਂਸਰ ਦਾ ਉਨ੍ਹਾਂ ਹੀ ਵਧੇਰੇ ਖਤਰਾ ਬਣਦਾ ਹੈ ਜਿੰਨੀਆਂ ਇਕ ਦਿਨ ਵਿਚ ਵਧੇਰੇ ਸਿਗਰਟਾਂ ਪੀਤੀਆਂ ਜਾਣ। ਪੂਰੀ ਖੋਜ ਨਾਲ ਫੇਫੜਿਆਂ ਦੇ ਰੋਗ ਨਾਲ ਮਰੇ ਹੋਏ ਆਦਮੀਆਂ ਨੇ ਫੇਫੜਿਆਂ ਨੂੰ ਚੀਰ ਫਾੜ ਕਰਕੇ ਵੇਖਣ ਨਾਲ ਇਹ ਸਿੱਟਾ ਨਿਕਲਿਆ ਸੀ। ਫੇਫੜਿਆਂ ਦੇ ਕੈਂਸਰ ਨਾਲ ਮੌਤ ਦੀ ਦਰ 120 ਮੌਤਾਂ ਵਿੱਚੋਂ, 110 ਮੌਤਾਂ ਉਹਨਾਂ ਆਦਮੀਆਂ ਦੀਆਂ ਜੋ ਸਿਗਰਟ ਪੀਂਦੇ ਸਨ, ਕੇਵਲ 10 ਆਦਮੀਆਂ ਦੀਆਂ ਮੌਤਾਂ ਜਿਹੜੇ ਸਿਗਰਟ ਨਹੀਂ ਪੀਂਦੇ ਸਨ।

ਇੰਗਲੈਂਡ ਵਿਚ ਪੂਰੀ ਖੋਜ ਮਗਰੋਂ ਡਾਕਟਰੀ ਕਾਲਜ ਵਲੋਂ ਨਿਯੁਕਤ ਡਾ: ਸੀ. ਐਮ. ਫਲੈਚਰ (Dr. C. M. Fletcher) ਆਪਣੀ ਰਿਪੋਰਟ (A report of the Royal College Physicians) ਵਿਚ ਲਿਖਦਾ ਹੈ ਕਿ ਇੰਗਲੈਂਡ ਵਿਚ ਹਰ ਸਾਲ 20000 ਆਦਮੀਆਂ ਦੀਆਂ ਮੌਤਾਂ ਫੇਫੜਿਆਂ ਦੇ ਕੈਂਸਰ, ਪੁਰਾਣੀ ਖਾਂਸੀ ਅਤੇ ਦਿਲ ਰੋਗਾਂ ਕਾਰਨ ਹੁੰਦੀਆਂ ਹਨ ਜਿਹਨਾਂ ਵਿੱਚ 80 ਪ੍ਰਤੀਸ਼ਤ ਸਿਗਰਟ ਪੀਣ ਵਾਲੇ ਹੁੰਦੇ ਹਨ।

ਡਾ: ਫਲੈਚਰ (Dr. Fletcher) ਦਾ ਕਥਨ ਹੈ ਕਿ ਸਿਗਰਟ ਪੀਣ ਵਾਲੇ ਦੇ ਬੱਚੇ ਦੀ ਸਿਹਤ ਵਿੱਚ ਬੱਚੇ ਦੀ ਪੈਦਾਇਸ਼ ਤੋਂ ਪਹਿਲਾਂ ਹੀ ਕਈ ਨੁਕਸ ਬਣ ਜਾਂਦੇ ਹਨ ਭਾਵੇਂ ਉਸ ਬੱਚੇ ਦੀ ਮਾਂ ਸਿਗਰਟ ਨਾ ਵੀ ਪੀਂਦੀ ਹੋਵੇ। ਉਹ ਇਹ ਵੀ ਕਹਿੰਦੇ ਹਨ ਕਿ ਸਿਗਰਟ ਪੀਣਾ ਮੂਰਖਪੁਣੇ ਦੀ ਨਿਸ਼ਾਨੀ ਹੈ।

ਵਲਭ ਭਾਈ ਪਟੇਲ ਚੈਸਟ ਇਨਸਟੀਚਿਊਟ, ਦਿੱਲੀ ਯੂਨੀਵਰਸਿਟੀ (The Vallabh Bhai Patel Chest intitute, Delhi University) ਦੇ ਖੋਜ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਸਾਡੇ ਭਾਰਤ ਵਿਚ ਵੀ ਹੁਣ ਸਿਗਰਟ ਪੀਣ ਦੇ ਕਾਰਨ ਫੇਫੜਿਆਂ ਦੇ ਕੈਂਸਰ ਅਤੇ ਦਿਲ ਰੋਗਾਂ ਵਿੱਚ ਬਹੁਤ ਵਾਧਾ ਹੋ ਰਿਹਾ ਹੈ। ਸਾਡੇ ਦੇਸ਼ ਦੀ ਕੈਂਸਰ ਖੋਜ ਸੈਂਟਰ (Indian Cancer Research Centre, Bombay) ਦੀ 1952-54 ਦੀ ਖੋਜ ਦਸਦੀ ਹੈ ਕਿ ਤਮਾਕੂ ਭਾਵ ਜ਼ਰਦਾ ਚਬਾਉਣ ਦੀ ਆਦਤ ਨਾਲ ਮੂੰਹ ਜ਼ਬਾਨ, ਭੋਜਨ ਨਾਲੀ ਜਾਂ ਸਾਹ ਨਾਲੀ ਵਿੱਚ ਕੈਂਸਰ ਬਣ ਜਾਣ ਦਾ ਪੂਰਾ ਖਤਰਾ ਹੁੰਦਾ ਹੈ।

**2) ਦਿਲ ਦੀ ਬੀਮਾਰੀ (Coronary Heart Diseases):-** ਅੱਜ ਕੱਲ ਦਿਲ ਦੀਆਂ ਬੀਮਾਰੀਆਂ ਨਾਲ ਹੋਰ ਸਭ ਰੋਗਾਂ ਨਾਲੋਂ ਵਧੇਰੇ ਮੌਤਾਂ ਹੋ ਰਹੀਆਂ ਹਨ। ਭਾਰਤ ਵਿੱਚ ਵੀ ਇਹ ਰੋਗ ਬਹੁਤ ਵੱਧ ਰਿਹਾ ਹੈ।


www.AKJ.Org

ਤਮਾਕੂ ਜ਼ਹਿਰ ਨਿਕੋਟੀਨ ਜੋ ਸਿਗਰਟ ਧੂਏਂ ਵਿੱਚ ਹੁੰਦੀ ਹੈ, ਉਹ ਦਿਲ ਦੇ ਮਾਸ ਪੱਠਿਆਂ ਨੂੰ ਲਹੂ ਪੁਚਾਉਣ ਵਾਲੀਆਂ ਨਾਲੀਆਂ (Coronary Arteries) ਨੂੰ ਸਖਤ ਤੇ ਮੋਟਾ ਕਰ ਦਿੰਦੀ ਹੈ ਜਿਸ ਦੇ ਫਲਸਰੂਪ ਉਨ੍ਹਾਂ ਦੀ ਲਚਕ ਜਾਂ ਨਰਮਾਈ ਖਤਮ ਹੋ ਜਾਂਦੀ ਹੈ। ਨਾੜੀਆਂ ਦੀ ਇਸ ਦਸ਼ਾ ਨੂੰ ਡਾਕਟਰੀ ਵਿੱਚ (Atherosclerosis) ਆਖਦੇ ਹਨ। ਇਸ ਕਾਰਨ ਖੂਨ ਦੌਰੇ ਵਿੱਚ ਵਿਘਣ ਪੈਣ ਨਾਲ ਬਲੱਡ ਪਰੈਸ਼ਰ (Blood Pressure) ਵੱਧ ਜਾਂਦਾ ਹੈ ਤੇ ਦਿਲ ਨੂੰ ਆਕਸੀਜਨ ਦੀ ਸਪਲਾਈ ਘਟ ਜਾਂਦੀ ਹੈ ਅਤੇ ਦਿਲ ਤੇ ਭਾਰ ਪੈ ਜਾਂਦਾ ਹੈ। ਰੋਗ ਹੋਰ ਵਧਣ ਨਾਲ ਦਿਲ ਆਪਣਾ ਕਰਤੱਵ ਪਾਲਣ ਤੋਂ ਅਸਮਰਥ ਹੋ ਜਾਂਦਾ ਹੈ, ਜਦ ਹੀ ਦਿਲ ਨੇ ਆਪਣਾ ਕੰਮ ਕਰਨ ਤੋਂ ਇਨਕਾਰ ਕੀਤਾ ਤਾਂ ਨਾਲ ਹੀ ਜੀਵਨ ਵੀ ਖਤਮ ਹੋ ਜਾਂਦਾ ਹੈ। ਦੀ ਅਮਰੀਕਨ ਹਾਰਟ ਐਸੋਸੀਏਸ਼ਨ (The American Heart Association) ਦੇ ਅਨੁਮਾਨ ਅਨੁਸਾਰ ਅਮਰੀਕਾ ਵਿਚ ਹਰ ਸਾਲ ਦਿਲ ਰੋਗ ਨਾਲ ਇਕ ਲੱਖ ਤੋਂ ਵੱਧ ਮੌਤਾਂ ਕੇਵਲ ਸਿਗਰਟ ਪੀਣ ਕਰਕੇ ਹੁੰਦੀਆਂ ਹਨ।

3) ਪੁਰਾਣੀ ਖਾਂਸੀ ਤੇ ਐਮਫਾਈਸੀਮਾ **(Chronic Bronchitis And Emphysema) :-** ਤੀਜਾ ਭਿਆਨਕ ਰੋਗ ਜੋ ਸਿਗਰਟ ਪੀਣ ਨਾਲ ਹੁੰਦਾ ਹੈ ਉਹ ਪੁਰਾਣੀ ਖਾਂਸੀ ਅਤੇ ਐਮਫਾਈਸੀਮਾ ਹੈ, ਫੇਫੜਿਆਂ ਦੀ ਐਮਫਾਈਸੀਮਾ ਉਸ ਦਸ਼ਾ ਨੂੰ ਕਹਿੰਦੇ ਹਨ ਜਿਸ ਵਿਚ ਐਲਵੀਉਲਾਈ (Alveoli) ਅਥਵਾ ਫੇਫੜਿਆਂ ਦੀਆਂ ਹਵਾ ਥੈਲੀਆਂ ਦੀ ਲਚਕ ਖਤਮ ਹੋ ਜਾਂਦੀ ਹੈ ਜਿਸ ਦੇ ਫਲਸਰੂਪ ਖੂਨ ਨੂੰ ਲੋੜੀਂਦੀ ਆਕਸੀਜਨ ਵਿਚ ਕਮੀ ਆ ਜਾਂਦੀ ਹੈ। (A condition in which Alveoli lose their elasticity with the result that the blood does not receive sufficient oxygen) ਸੋ ਫੇਫੜਿਆਂ ਦੀ ਐਮਫਾਈਸੀਮਾ ਵਿਚ ਸਾਹ ਦੀ ਤੰਗੀ ਤੇ ਫੇਫੜਿਆਂ ਵਿੱਚ ਹਵਾ ਆਉਣ ਜਾਣ ਵਿਚ ਰੁਕਾਵਟ ਹੋ ਜਾਂਦੀ ਹੈ, ਇਹ ਰੋਗ ਵੱਧ ਜਾਏ ਤਾਂ ਫੇਫੜਿਆਂ ਦੀਆਂ ਹਵਾ ਥੈਲੀਆਂ (Alveoli) ਨਸ਼ਟ ਹੀ ਹੋ ਜਾਂਦੀਆਂ ਹਨ।

ਜਦ ਕੋਈ ਪਹਿਲਾਂ ਪਹਿਲ ਸਿਗਰਟ ਪੀਣੀ ਸ਼ੁਰੂ ਕਰਦਾ ਹੈ ਤਾਂ ਸਿਗਰਟ ਧੂਏਂ ਵਿੱਚ ਅਮੋਨੀਆ ਹੋਣ ਕਰਕੇ ਨੱਕ, ਗਲ ਤੇ ਫੇਫੜਿਆਂ ਵਿੱਚ ਖਰਾਸ਼ ਹੋਣ ਲੱਗਦੀ ਹੈ ਅਤੇ ਉਸ ਦਾ ਕਾਰਣ ਬਣਿਆ ਰਹਿਣ ਕਰਕੇ ਖਾਂਸੀ ਰੋਗ ਪੁਰਾਣਾ ਹੋ ਜਾਂਦਾ ਹੈ। ਜਿਸ ਨੂੰ ਤਮਾਕੂ ਖਾਂਸੀ (Tobacco cough) ਕਹਿੰਦੇ ਹਨ। ਇਹ ਖਾਂਸੀ ਸਿਗਰਟ ਪੀਣੇ ਪੁਰਸ਼ ਦੀ ਜੀਵਨ ਸਾਥੀ ਹੀ ਬਣ ਜਾਂਦੀ ਹੈ।

ਸਮਾਂ ਪਾ ਕੇ ਸਿਗਰਟ ਦਾ ਧੂੰਆਂ ਸਿਲੀਆ (Cilia-thread like projections from cells in the lining of the nose and lungs) ਨੂੰ ਨਕਾਰਾ ਕਰ ਦਿੰਦਾ ਹੈ ਅਤੇ ਕੁੱਝ ਹੋਰ ਸਮਾਂ ਪਾ ਕੇ ਉਹ ਨਸ਼ਟ ਹੀ ਹੋ ਜਾਂਦੇ ਹਨ। ਜਦ ਸਿਲੀਆ ਨਸ਼ਟ ਹੋ ਜਾਂਦੇ ਹਨ ਤਾਂ ਫੇਫੜਿਆਂ ਦੀ ਉਹ ਸ਼ਕਤੀ ਜਿਸ ਨਾਲ ਉਹ ਬਲਗਮ ਆਦਿ ਬਾਹਰ ਕੱਢ ਸਕਦੇ ਹਨ, ਖਤਮ ਹੋ ਜਾਂਦੀ ਹੈ। ਬਲਗਮ ਤੇ ਤਮਾਕੂ ਜ਼ਹਿਰਾਂ ਫੇਫੜਿਆਂ ਵਿਚ ਹੀ ਆਪਣਾ ਟਿਕਾਣਾ ਬਣਾ ਲੈਂਦੀਆਂ ਹਨ। ਇਹ ਦਸ਼ਾ ਸੈਂਕੜੇ ਆਦਮੀਆਂ ਦੀ ਮ੍ਰਿਤੂ ਮਗਰੋਂ ਉਹਨਾਂ ਦੇ ਫੇਫੜਿਆਂ ਨੂੰ ਚੀਰ ਫਾੜ ਕਰਕੇ ਵੇਖੀ ਗਈ ਹੈ। ਸੋ ਹੁਣ ਐਮਫਾਈਸੀਮਾ ਦੇ ਰੋਗ ਕਾਰਨ ਵੀ ਮੌਤਾਂ ਦੇ ਅੰਕੜੇ ਵੱਡੇ ਹੋ ਰਹੇ ਹਨ।

ਡਾ: ਜਿੰਦਲ (Dr. S. L. Jindal, P. G. I Chandigarh) ਅਨੁਸਾਰ ਇਹ ਸੱਚਾਈ ਹੈ ਕਿ ਤਮਾਕੂ ਇਕ ਹਾਨੀਕਾਰਕ ਚੀਜ਼ ਹੈ ਅਤੇ ਕੈਂਸਰ ਤੋਂ ਇਲਾਵਾ ਇਸ ਨਾਲ ਅਣਗਿਣਤ ਹੋਰ ਰੋਗ ਪੈਦਾ ਹੋ ਜਾਂਦੇ ਹਨ। ਵੱਡਾ ਦੁੱਖ ਦਾਇਕ ਰੋਗ ਪੁਰਾਣੀ ਖੰਘ ਹੈ। ਇਸ ਸੰਬੰਧ ਵਿੱਚ ਬਹੁਤ ਖੋਜਾਂ ਹੋ ਚੁੱਕੀਆਂ ਹਨ। ਪੀ. ਜੀ. ਆਈ. ਚੰਡੀਗੜ੍ਹ ਵਲੋਂ ਵੀ ਇੱਕ ਸਰਵੇ ਕੀਤਾ ਗਿਆ ਸੀ ਜਿਸ ਦੇ ਸਿੱਟੇ ਤੋਂ ਪਤਾ ਚੱਲਿਆ ਹੈ ਕਿ ਚੰਡੀਗੜ੍ਹ ਅਤੇ ਚੁਗਿਰਦੇ ਦੇ ਪਿੰਡਾਂ ਵਿੱਚ ਵਸਣ ਵਾਲੇ ਲੋਕਾਂ ਨੂੰ ਘੱਟ ਤੋਂ ਘੱਟ ਛੇ ਪ੍ਰਤੀਸ਼ਤ, ਸਿਗਰਟ ਦੇ ਕਾਰਨ ਪੁਰਾਣੀ ਖਾਂਸੀ ਹੈ।

4) ਸਿਗਰਟ ਦਾ ਦਿਮਾਗ ਤੇ ਅਸਰ **( Effects on nervous system) :-** ਸਿਗਰਟ ਪੀਣ ਨਾਲ ਸਿਰ ਦਰਦ, ਨੀਂਦ ਨਾ ਆਉਣਾ ਤੇ ਚਿੜਚਿੜਾ ਪਨ ਵੀ ਪੈਦਾ ਹੋ ਜਾਂਦਾ ਹੈ। ਸਿਗਰਟ ਦੀ ਬਹੁਤੀ ਵਰਤੋਂ ਨਾਲ ਨਿਗਾਹ ਵੀ ਕਮਜ਼ੋਰ ਹੋ ਜਾਂਦੀ ਹੈ ਜਿਸ ਨੂੰ (Tobacco Amblyopia) ਕਹਿੰਦੇ ਹਨ। ਸੁਣਨ ਸ਼ਕਤੀ ਵੀ ਘਟ ਜਾਂਦੀ ਹੈ। ਜਰਮਨ ਦਾ ਪ੍ਰਸਿਧ ਦਿਮਾਗ ਦਾ ਡਾਕਟਰ ਕਲਾਸਨ (Eminent German Neurologist, Dr. Claus Claussen) ਦੇ ਕਥਨ ਅਨੁਸਾਰ ਸਿਗਰਟ ਦਾ ਧੂੰਆਂ ਦਿਮਾਗ ਨੂੰ ਹਾਨੀ ਪੁਚਾਂਦਾ ਹੈ। ਇਹ ਲਹੂ ਦੇ ਰਸਾਇਣਕ ਤੱਤਾਂ ਵਿਚ ਵਿਘਨ ਪਾ ਦਿੰਦਾ ਹੈ।

ਅਲੈਗਜੈਂਡਰ (Alexander) A. Bogomoletz)



www.AKJ.Org

ਅਨੁਸਾਰ 'ਇਸ ਵਿਚ ਕੋਈ ਵੀ ਸੰਦੇਹ ਨਹੀਂ ਕਿ ਤਮਾਕੂ ਦੀ ਜ਼ਹਿਰ ਨਿਕੋਟੀਨ ਦਿਮਾਗ, ਲਹੂ ਨਾੜੀਆਂ ਅਤੇ ਦਿਲ ਲਈ ਹਾਨੀਕਾਰਕ ਹੈ।'

**ਤਮਾਕੂ ਨਾਲ ਹੋਰ ਰੋਗ :-** ਤਮਾਕੂ ਜਾਂ ਜ਼ਰਦੇ ਨੂੰ ਮੂੰਹ ਵਿਚ ਚਬਾਉਣ ਨਾਲ ਜਾਂ ਨਸਵਾਰ ਨੂੰ ਨੱਕ ਰਾਹੀਂ ਸੁੰਘਣ ਨਾਲ ਮੂੰਹ ਦੀ ਝਿੱਲੀ (Mucous Membrane) ਵਿਚ ਕੈਂਸਰ ਜ਼ਹਿਰ (Carcinogens) ਰਚ ਜਾਂਦੇ ਹਨ ਜਿਸ ਕਰਕੇ ਬੁੱਲ, ਮੂੰਹ ਤੇ ਭੋਜਨ ਨਾਲੀ ਦਾ ਕੈਂਸਰ ਰੋਗ ਹੋ ਜਾਂਦਾ ਹੈ। ਮਿਹਦੇ ਵਿੱਚ (Peptic ulcer) ਅਤੇ ਅੰਤੜੀਆਂ ਵਿਚ ਜ਼ਖਮ ਵੀ ਬਣ ਜਾਂਦੇ ਹਨ। ਜਿਗਰ ਖਰਾਬ ਹੋਣ ਦੀ ਵੀ ਸੰਭਾਵਨਾ ਬਣ ਜਾਂਦੀ ਹੈ। ਤਮਾਕੂ ਟਾਰ (Tars) ਮੂੰਹ ਦੇ ਸੁਆਦ, ਸੁੰਘਣ ਸ਼ਕਤੀ ਦੀ ਕਮਜ਼ੋਰੀ ਪੈਦਾ ਕਰਦਾ ਹੈ, ਮੂੰਹ ਵਿਚੋਂ ਦੁਰਗੰਧ ਆਉਣ ਲੱਗ ਜਾਂਦੀ ਹੈ। ਸਿਗਰਟ ਧੂਏਂ ਵਿਚਲੀ ਕਾਰਬਨ ਮੋਨੋਆਕਸਾਈਡ ਗੈਸ ਲਹੂ ਦੇ ਰੱਤੇ ਕਣੂਆਂ ਨੂੰ, ਜਿਸ ਰਾਹੀਂ ਖੂਨ ਵਿਚ ਆਕਸੀਜਨ ਮਿਲਦੀ ਹੈ, ਨਸ਼ਟ ਕਰਦੀ ਹੈ।

**ਸਿਗਰਟ ਦਾ ਉਮਰ ਤੇ ਅਸਰ (Span of Life):-** ਤਜਰਬਿਆਂ ਦੇ ਸਿਟਿਆਂ ਦੇ ਅੰਕੜਿਆਂ ਤੋਂ ਵਿਗਿਆਨੀਆਂ ਨੂੰ ਨਿਸ਼ਚੇ ਹੋ ਚੁੱਕਿਆ ਹੈ ਕਿ ਸਿਗਰਟ ਪੀਣ ਨਾਲ ਉਮਰ ਘੱਟ ਜਾਂਦੀ ਹੈ। ਰੀਕਾਰਡ ਦਸਦਾ ਹੈ ਕਿ ਸਿਗਰਟ ਪੀਣ ਵਾਲਾ, ਨਾ ਪੀਣ ਵਾਲੇ ਨਾਲੋਂ ਛੇਤੀ ਮਰ ਜਾਂਦਾ ਹੈ। ਇਸ ਦਾ ਅਨੁਮਾਨ ਕਿ ਕਿੰਨਾ ਛੇਤੀ ਮਰਦਾ ਹੈ, ਇਹ ਦੋ ਗੱਲਾਂ ਤੇ ਨਿਰਭਰ ਹੈ ਕਿਹੜੀ ਉਮਰ ਵਿਚ ਸਿਗਰਟ ਪੀਣੀ ਸ਼ੁਰੂ ਕੀਤੀ ਅਤੇ ਕਿੰਨੀਆਂ ਸਿਗਰਟਾਂ ਰੋਜ਼ ਪੀਂਦਾ ਹੈ।

ਜਿਹੜਾ ਮਨੁੱਖ 16 ਸਾਲ ਦੀ ਉਮਰ ਤੋਂ ਹੀ ਸਿਗਰਟ ਪੀਣੀ ਆਰੰਭ ਕਰ ਲਵੇ ਉਸ ਦੀ ਉਮਰ ਨਾ ਪੀਣ ਵਾਲੇ ਨਾਲੋਂ 8.3 ਸਾਲ (ਅੱਠ ਸਾਲ ਚਾਰ ਮਹੀਨੇ) ਘੱਟ ਹੋਵੇਗੀ। ਪੱਛਮੀ ਦੇਸ਼ਾਂ ਵਿਚ ਕੁਝ ਕੰਪਨੀਆਂ ਜੀਵਨ ਬੀਮਾ ਲਈ ਸਿਗਰਟ ਪੀਣ ਵਾਲਿਆਂ ਤੋਂ ਵਧੇਰੇ ਦਰ ਚਾਰਜ ਕਰਦੀਆ ਹਨ। 1954 ਵਿਚ ਅਮਰੀਕਨ ਕੈਂਸਰ ਸੁਸਾਇਟੀ ਅਤੇ ਬ੍ਰਿਟਿਸ਼ ਰੀਸਰਚ ਕੌਂਸਲ ਦੇ ਵੱਖੋ ਵੱਖਰੇ ਲਗਾਤਾਰ ਤਿੰਨ ਸਾਲ ਦੇ ਅੰਕੜਿਆਂ ਤੋਂ ਅਧਾਰਤ ਖੋਜਾਂ ਦੇ ਸਿੱਟਿਆ ਤੋਂ ਸਿੱਧ ਹੋ ਚੁਕਿਆ ਹੈ ਕਿ ਸਿਗਰਟ ਪੀਣ ਵਾਲਿਆਂ ਦੀ, ਨਾ ਪੀਣ ਵਾਲਿਆਂ ਨਾਲੋਂ, ਮੌਤ ਦਰ ਵਧੇਰੇ ਹੈ।

ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਕ ਸਿਗਰਟ ਪੀਣ ਨਾਲ ਉਮਰ ਦੇ ਘੱਟੋ ਘੱਟ ਅੱਠ ਮਿੰਟ ਘੱਟ ਜਾਂਦੇ ਹਨ।

ਸਿਗਰਟ ਪੀਣ ਵਾਲਿਆਂ ਦੇ ਛੇਤੀ ਹੀ ਚਿਹਰੇ ਉਤੇ ਝੁਰੜੀਆਂ (wrinkles) ਪੈ ਜਾਂਦੀਆਂ ਹਨ।

**ਆਰਥਕ ਹਾਨੀ (Econonmic loss)**

ਇਕ ਵਾਰ ਇਹ ਅਨੁਮਾਨ ਲਾਇਆ ਗਿਆ ਸੀ ਕਿ ਅਮਰੀਕਾ ਦੇ ਲੋਕ ਸਿਗਰਟ ਪੀਣ ਉਤੇ ਇਕ ਸਾਲ ਵਿਚ ਜਿਤਨਾ ਖਰਚ ਕਰਦੇ ਹਨ, ਉਸ ਨਾਲ ਅੱਠ ਪਨਾਮਾ ਨਹਿਰਾਂ ਬਣਾਈਆ ਜਾ ਸਕਦੀਆ ਹਨ, ਇਹ ਖਰਚ ਅਰਬਾਂ ਖਰਬਾਂ ਤਕ ਜਾਂਦਾ ਹੈ।

ਨਿਊਯਾਰਕ ਅੱਗ ਵਿਭਾਗ (The Newyork Fire Department) ਦੀ ਇਕ ਰਿਪੋਰਟ ਤੋਂ ਪ੍ਰਗਟ ਹੁੰਦਾ ਹੈ ਕਿ 1949 ਵਿਚ ਇਕੱਲੇ ਸ਼ਹਿਰ ਨਿਊਯਾਰਕ ਵਿਚ ਸਿਗਰਟ ਪੀਣ ਵਾਲਿਆਂ ਦੀ ਲਾ ਪ੍ਰਵਾਹੀ ਨਾਲ ਕੋਈ 5,82,80,000 ਰੁਪਏ ਦਾ ਨੁਕਸਾਨ ਹੋਇਆ ਸੀ। ਇਹ ਹਾਨੀ ਇਕ ਸਾਲ ਤੇ ਇਕ ਸ਼ਹਿਰ ਦੀ ਹੀ ਹੈ। ਇਕ ਸਾਲ ਵਿਚ ਸਿਗਰਟ ਰਾਹੀਂ ਅੱਗ ਲੱਗਣ ਦੀਆਂ ਦੁਰਘਟਨਾਵਾਂ ਨਾਲ ਸਾਰੇ ਸੰਸਾਰ ਦਾ ਆਰਥਕ ਹਾਨੀ ਦਾ ਅਨੁਮਾਨ ਨੌਜੁਆਨ ਆਪ ਹੀ ਲਾ ਲੈਣ।

ਸੰਸਾਰ ਭਰ ਵਿਚ ਸਿਗਰਟ ਪੀਣ ਨਾਲ ਸਮੇਂ ਦੀ ਹਾਨੀ ਅਤੇ ਇਸ ਤੋਂ ਪੈਦਾ ਹੋਏ ਰੋਗਾਂ ਕਾਰਨ ਕੰਮ ਦੀ ਸਮਰੱਥਾ (efficiency of work) ਅਤੇ ਮਨੁਖ ਸ਼ਕਤੀ (man power) ਦੀ ਹਾਨੀ ਦਾ ਸਹੀ ਹਿਸਾਬ ਅੰਕੜਿਆਂ ਵਿਚ ਦੇਣਾ ਅਸੰਭਵ ਜਾਪਦਾ ਹੈ।

31 ਅਕਤੂਬਰ 1974 ਨੂੰ 14- ਦਿੱਲੀ ਸਿਆਲਦਾ ਡਾਕ ਗੱਡੀ (14 Delhi Sealdah upper India express) ਵਿਚ ਡਾਕ ਡੱਬੇ ਵਿਚ ਸਿਗਰਟ ਜਾਂ ਬੀੜੀ ਨਾਲ ਅੱਗ ਭੜਕ ਉੱਠੀ ਸੀ ਜੋ ਨਾਲ ਦੇ ਸੈਕਿੰਡ ਕਲਾਸ ਡੱਬੇ ਵਿਚ ਪਹੁੰਚ ਗਈ, 59 ਮੁਸਾਫਰ ਅੱਗ ਦੀ ਭੇਟ ਹੋ ਗਏ ਸਨ। ਇਸ ਤਰ੍ਹਾਂ ਸੰਸਾਰ ਅੰਦਰ ਸਿਗਰਟ ਦੇ ਨਾਲ ਅੱਗ ਲੱਗਣ ਦੇ ਕਾਰਨ ਬਹੁਤ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ।

**ਸਿਗਰਟ ਨਾ ਪੀਣ ਵਾਲਿਆਂ ਤੇ ਧੂਏਂ ਦਾ ਬੁਰਾ ਅਸਰ**

ਬੰਦ ਕਮਰੇ ਅਤੇ ਬੰਦ ਰੇਲ ਦੇ ਡੱਬੇ ਜਾਂ ਬੱਸ ਵਿਚ ਸਿਗਰਟ ਦੇ ਧੂਏਂ ਦਾ ਨਾ ਪੀਣ ਵਾਲਿਆਂ ਤੇ ਵੀ ਬੁਰਾ ਅਸਰ ਹੋ ਜਾਂਦਾ ਹੈ, ਕਿਉਂਕਿ ਇਸ ਵਿਚਲੀ ਕਾਰਬਨ ਮੋਨੋਆਕਸਾਇਡ ਗੈਸ ਆਦਿ (carbon monoxide) ਸਾਹ ਰਾਹੀਂ ਅੰਦਰ ਜਾ ਕੇ ਲਹੂ ਵਿੱਚ ਆਕਸੀਜਨ ਮਿਲਣ ਤੋਂ ਰੋਕ ਪਾ ਦਿੰਦੀ ਹੈ। ਲੰਡਨ ਇੰਨਸਟੀਚਿਊਟ ਸਾਈਕੀਆਟਰੀ (London Institute of Psychiatry) ਵਿਚ ਡਾਕਟਰਾਂ ਦੇ ਪ੍ਰਯੋਗਾਂ ਰਾਹੀਂ ਇਹ ਹਾਨੀ ਸਿੱਧ ਹੋ ਚੁੱਕੀ ਹੈ।



www.AKJ.Org

# ਜੈਤਸਰੀ ਕੀ ਵਾਰ (੫)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਸਲੋਕ

ਬਸੰਤਿ ਸ੍ਵਰਗ ਲੋਕਹ
ਜਿਤਤੇ ਪ੍ਰਿਥਵੀ ਨਵ ਖੰਡਣਹ ।।
ਬਿਸਰੰਤ ਹਰਿ ਗੋਪਾਲਹ
ਨਾਨਕ ਤੇ ਪ੍ਰਾਣੀ, ਉਦਿਆਨ ਭਰਮਣਹ ।।੧।।
ਕਉਤਕ ਕੋਡ ਤਮਾਸਿਆ
ਚਿਤਿ ਨ ਆਵਸੁ ਨਾਉ ।।
ਨਾਨਕ ਕੋੜੀ ਨਰਕ ਬਰਾਬਰੇ
ਉਜੜੁ ਸੋਈ ਥਾਉ ।।੨।।

ਉਚਾਰਣ :-ਸ੍ਵਰਗ-ਉਚਾਰਣ 'ਸੁਅਰਗ'। ਲੋਕਹ, ਖੰਡਣਹ, ਗੋਪਾਲਹ, ਭਰਮਣਹ-ਇਨ੍ਹਾਂ ਸਾਰੇ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰ ਦਾ ਉਚਾਰਣ ਨਾਸਕੀ ਹੈ-

ਨਾਉ (ਨਾਮੁ)। ਥਾਉ (ਥਾਂ)।

ਤਮਾਸਿਆ-'ਸ' ਉਚਾਰਣ ਵਿਸ਼ੇਸ਼ ਧੁਨੀ, ਅੰਤਲੇ ਸੁਰ ਦਾ ਉਚਾਰਣ ਨਾਸਕਤਾ ਬਿਨਾਂ।

ਪਦ ਅਰਥ :- ਬਸੰਤਿ-ਭਾਵੇਂ ਵਸਦੇ ਹੋਣ। ਸ੍ਵਰਗ ਲੋਕਹ-ਸੁਅਰਗ ਲੋਕ (ਦੇਸ਼) ਵਿਚ। ਜਿਤਤੇ-ਜਿਤ ਲੈਣ। ਪ੍ਰਿਥਵੀ ਨਵ ਖੰਡਣਹ-ਨੌਂ ਖੰਡ (ਸਮੁੱਚੀ) ਧਰਤੀ ਨੂੰ। ਬਿਸਰੰਤ-ਜੇ ਵਿਸਰ ਜਾਏ। ਗੋਪਾਲਹ-ਧਰਤੀ ਦੇ ਜੀਵਾਂ ਦਾ ਰਖਵਾਲਾ। ਉਦਿਆਨ-ਜੰਗਲ, ਉਜਾੜ। ਭਰਮਣਹ-ਭਟਕਦੇ ਫਿਰਦੇ ਹਨ।੧।

ਕਉਤਕ-ਕਲੋਲ। ਕੋਡ-(ਸਿੰਧੀ) ਖੁਸ਼ੀਆਂ। ਤਮਾਸਿਆ-ਖੇਡ ਤਮਾਸ਼ੇ। ਚਿਤਿ ਨ ਆਵਸੁ-ਜੇ ਉਸ ਨੂੰ ਚੇਤੇ ਨਹੀਂ ਆਉਂਦਾ। ਨ ਆਵਸੁ-ਉਸ ਨੂੰ ਨਹੀਂ ਆਉਂਦਾ ('ਆਵਸੁ' ਦਾ ਅੰਤਲਾ 'ਸੁ' ਅਨ-ਪੁਰਖ, ਇਕ-ਵਚਨ, ਪੁਰਖ ਵਾਚੀ ਪੜਨਾਂਵ ਦਾ ਸੂਚਕ, ਪੜਨਾਵੀਂ ਪਿਛੇਤਰ ਹੈ। ਕੋੜੀ-ਕ੍ਰੋੜਾਂ ਹੀ।੨।

ਅਰਥ :- ਭਾਵੇਂ (ਕੋਈ ਵਿਅਕਤੀ) ਸੁਅਰਗ-ਦੇਸ਼ ਵਿਚ ਵਸਦੇ ਹੋਣ ਅਤੇ ਨੌਂ-ਖੰਡ ਧਰਤੀ ਸਾਰੀ ਜਿਤ ਲੈਣ, ਨਾਨਕ ! ਜੇ (ਉਹਨਾਂ ਨੂੰ) ਧਰਤੀ ਦਾ ਰਖਵਾਲਾ ਪ੍ਰਭੂ ਵਿਸਰ ਜਾਏ ਤਾਂ (ਸੁਰਗ-ਨਿਵਾਸੀ ਅਤੇ ਦਿਗ ਵਿਜਈ, ਪਰ ਪ੍ਰਭੂ ਦੀ ਯਾਦ ਤੋਂ ਸੱਖਣੇ ਮਨੁੱਖ, ਮਾਨੋ) ਉਜਾੜ ਵਿਚ ਭਟਕਦੇ ਫਿਰਦੇ ਹਨ।੧।

(ਕੋਈ ਜੀਵ ਓਥੇ ਵਸਦਾ ਹੋਵੇ ਜਿਥੇ) ਸਾਰੇ ਮਾਇਕੀ ਕਲੋਲ, ਖ਼ੁਸ਼ੀਆਂ, ਖੇਡ-ਤਮਾਸ਼ੇ (ਉਪਲਬਧ) ਹੋਣ, ਪਰ ਉਥੇ ਉਸ ਨੂੰ (ਪ੍ਰਭੂ ਦਾ) ਨਾਮ ਚੇਤੇ ਨਾ ਆਵੇ

ਨਾਨਕ ! (ਪ੍ਰਭੂ ਦੇ ਸਿਮਰਨ-ਭਜਨ ਤੋਂ ਸਖਣੀ) ਉਹ (ਚੋਜ-ਤਮਾਸ਼ਿਆਂ ਵਾਲੀ) ਥਾਂ ਦਰ-ਅਸਲ ਉਜੜ ਥੇਹ ਹੈ, ਜੋ ਕ੍ਰੋੜਾਂ ਨਰਕਾਂ ਦੇ ਬਰਾਬਰ (ਦੁਖਦਾਈ) ਹੈ।੨।

ਪਉੜੀ ।।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ।।
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ।।
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ।।
ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ।।
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ।।੯।।

ਉਚਾਰਣ :- ਭਇਆਨ-ਇਸ ਸ਼ਬਦ ਦਾ ਉਚਾਰਣ 'ਭਿਆਨ' ਗ਼ਲਤ ਹੈ, ਕਿਉਂਕਿ 'ਭ' ਅੱਖਰ ਮੁਕਤਾ ਹੈ। ਸੈਤਾਨਿਆ-'ਸ' ਦਾ ਉਚਾਰਣ ਵਿਸ਼ੇਸ਼ ਧੁਨੀ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ-

ਮਹਾ (ਵੱਡਾ, ਮਹਾਨ)। ਫਿਰਹਿ (ਫਿਰਦੇ ਹਨ)। ਤਾ (ਤਦੋਂ)।

ਪਦ ਅਰਥ :- ਮਹਾ ਭਇਆਨ-ਬੜਾ ਡਰਾਉਣਾ। ਉਦਿਆਨ-ਜੰਗਲ। ਨਗਰ-ਸ਼ਹਿਰ। ਸਮਗ੍ਰੀ-ਪਦਾਰਥਕ ਖੇਪ। ਪੇਖਿ-ਵੇਖ ਕੇ। ਕਾਮ ਕ੍ਰੋਧਿ ਅਹੰਕਾਰਿ-ਕਾਮ, ਕ੍ਰੋਧ ਅਤੇ ਹੰਕਾਰ ਦੇ ਕਾਰਨ। ਫਿਰਹਿ-ਫਿਰਦੇ ਹਨ। ਦੇਵਾਨਿਆ-ਝੱਲੇ, ਕਮਲੇ। ਸਿਰਿ-ਸਿਰ ਉਤੇ। ਜਮ ਡੰਡੁ-ਜਮ ਦਾ ਡੰਡਾ। ਸੈਤਾਨਿਆ-ਕੁਕਰਮੀ, ਉਪੱਦ੍ਰਵੀ।

ਅਰਥ :- (ਭਰਮ ਵਿੱਚ ਭੁੱਲੇ ਮਨੁੱਖਾਂ ਨੇ) ਬੜੇ ਡਰਾਉਣੇ ਉਜਾੜ ਬੀਆਬਾਨ (ਸੰਸਾਰ) ਨੂੰ ਸ਼ਹਿਰ (ਸਦਾ ਟਿਕੇ ਰਹਿਣ ਦੀ ਥਾਂ) ਕਰਕੇ ਮੰਨ ਲਿਆ ਹੈ।

ਨਾਸਵੰਤ ਪਦਾਰਥਕ ਖੇਪ (ਦੀ ਬਾਹਰਲੀ ਚਟਕ ਮਟਕ) ਵੇਖ ਕੇ, ਇਸ ਨੂੰ ਸਦਾ ਥਿਰ ਰਹਿਣ ਵਾਲੀ ਸਮਝਿਆ ਹੋਇਆ ਹੈ।

ਕਾਮ, ਕ੍ਰੋਧ ਅਤੇ ਅਹੰਕਾਰ ਦੇ ਕਾਰਨ ਜੀਵ ਪਾਗ਼ਲ ਹੋਏ ਫਿਰਦੇ ਹਨ।

ਜਦੋਂ ਸਿਰ ਉਤੇ ਜਮ ਦਾ ਡੰਡਾ ਵਜਦਾ ਹੈ, ਫਿਰ



www.AKJ.Org

ਪਛਤਾਉਂਦੇ ਹਨ।

ਪੂਰੇ ਸਤਿਗੁਰੂ (ਦੀ ਪ੍ਰਾਪਤੀ) ਤੋਂ ਬਗ਼ੈਰ ਨਿਗੁਰਾ ਮਨੁੱਖ ਸ਼ੈਤਾਨ (ਕੁਕਰਮੀ) ਹੋਇਆ ਫਿਰਦਾ ਹੈ।੯।

ਸਲੋਕ।।

ਰਾਜ ਕਪਟੰ ਰੂਪ ਕਪਟੰ
ਧਨ ਕਪਟੰ ਕੁਲ ਗਰਬਤਹ।।
ਸੰਚੰਤਿ ਬਿਖਿਆ ਛਲੰ ਛਿਦ੍ਰੰ
ਨਾਨਕ ਬਿਨੁ ਹਰਿ ਸੰਗਿ ਨ ਚਾਲਤੇ।।੧।।
ਪੇਖੰਦੜੋ ਕੀ ਭੁਲੁ
ਤੁੰਮਾ ਦਿਸਮੁ ਸੋਹਣਾ।।
ਅਢੁ ਨ ਲਹੰਦੜੋ ਮੁਲੁ
ਨਾਨਕ ਸਾਥਿ ਨ ਜੁਲਈ ਮਾਇਆ।।੨।।

ਉਚਾਰਣ :- ਗਰਬਤਹ-ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਠੀਕ ਨਹੀਂ।

ਪਦ ਅਰਥ :- ਕਪਟੰ-ਧੋਖਾ, ਛਲ। ਕੁਲ ਗਰਬਤਹ-ਸ੍ਰੇਸ਼ਟ ਖ਼ਾਨਦਾਨ ਦਾ ਮਾਣ। ਸੰਚੰਤਿ-ਇੱਕਠੀ ਕਰਦੇ ਹਨ। ਬਿਖਿਆ-ਜ਼ਹਿਰ ਰੂਪ ਮਾਇਆ। ਛਲੰ ਛਿਦ੍ਰੰ-ਵਲ ਛਲ ਕਰਕੇ।੧।

ਪੇਖੰਦੜੋ-ਵੇਖਣ ਵਾਲਾ। ਕੀ ਭੁਲੁ-ਕਿਉਂ ਭੁਲ ਗਏ ? ਦਿਸਮੁ-ਦਿਸਣ ਨੂੰ। ਤੁੰਮਾ-ਕੌੜਾ ਤੁੰਮਾ, ਇਕ ਕੌੜਾ ਫਲ। ਅਢੁ-ਦਮੜੀ ਦਾ ਅੱਧ। ਨ ਲਹੰਦੜੋ-ਨਹੀਂ ਲਭਦਾ। ਨ ਜੁਲਈ-ਨਹੀਂ ਚਲਦੀ।੨।

ਅਰਥ :- ਰਾਜ (ਹਕੂਮਤ ਦਾ ਮਾਣ) ਇਕ ਧੋਖਾ ਹੈ, ਰੂਪ (ਸੁੰਦਰਤਾ ਦਾ ਮਾਣ) ਵੀ ਧੋਖਾ ਹੈ, ਧਨ ਅਤੇ ਖ਼ਾਨਦਾਨ ਦਾ ਮਾਣ-ਹੰਕਾਰ ਵੀ ਧੋਖਾ ਹੀ ਹੈ।

ਨਾਨਕ ! (ਭੁਲੜ ਜੀਵ) ਵਲ ਛਲ ਕਰਕੇ ਜ਼ਹਿਰ-ਰੂਪ ਮਾਇਆ ਇੱਕਠੀ ਕਰਦੇ ਹਨ, ਪਰ (ਜਦੋਂ ਉਹ ਸੰਸਾਰ ਤੋਂ ਕੂਚ ਕਰਦੇ ਹਨ) ਹਰਿ ਨਾਮ ਤੋਂ ਬਗ਼ੈਰ ਕੁਝ ਭੀ ਨਾਲ ਨਹੀਂ ਚਲਦਾ।੧।

ਬੇਸ਼ਕ ਕੌੜਾ-ਤੁੰਮਾ ਦਿਸਣ ਨੂੰ ਬਹੁਤ ਸੁੰਦਰ ਲਗਦਾ ਹੈ, ਪਰ ਵੇਖਣ ਵਾਲਾ (ਕੇਵਲ ਬਾਹਰਲੀ ਸੁੰਦਰਤਾ ਉਤੇ ਹੀ) ਕਿਉਂ ਭੁਲ ਜਾਏ ? (ਇਸ ਤੁੰਮੇ ਦਾ ਤਾਂ) ਅੱਧੀ ਦਮੜੀ ਵੀ ਮੁੱਲ ਨਹੀਂ ਲਭਦਾ। ਸਲੋਕ ਦੇ ਅੰਤ ਵਿੱਚ 'ਨਾਨਕ' ਮੁਹਰ-ਛਾਪ ਲਾ ਕੇ ਗੁਰਦੇਵ ਉਪਦੇਸ਼ ਕਰਦੇ ਹਨ (ਤੁੰਮੇ ਵਾਂਗ ਮਾਇਆ ਵੀ ਵੇਖਣ ਨੂੰ ਬੇਸ਼ਕ ਅਤਿ ਸੁੰਦਰ ਪ੍ਰਤੀਤ ਹੁੰਦੀ ਹੈ, ਪਰ ਇਹ ਤੁੰਮੇ ਵਾਂਗ ਹੀ ਤੁਛ ਹੈ, ਕਿਉਂ ਜੁ) ਇਹ ਮਾਇਆ (ਅੰਤ ਸਮੇਂ ਜੀਵ ਦੇ) ਨਾਲ ਨਹੀਂ ਜਾਂਦੀ।੨।

ਪਉੜੀ।।

ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ।।
ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ।।
ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ।।
ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ।।
ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ।।੧੦।।

ਉਚਾਰਣ :- ਹੇਠ ਲਿਖੇ ਸ਼ਬਦਾਂ ਦਾ ਅਰਥ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ-

ਚਲਦਿਆ-ਸੰਸਾਰ ਤੋਂ ਕੂਚ ਕਰਦਿਆਂ। ਕਿਉ-ਕਾਹਦੇ ਲਈ ?

ਪਦ ਅਰਥ :- ਸੰਜੀਐ-ਇੱਕਠੀ ਕਰੀਏ। ਤਿਸ ਕਾ-ਉਸ (ਮਾਇਆ) ਲਈ। ਜਤਨੁ-ਉਪਰਾਲਾ। ਜਿਸ ਤੇ-ਜਿਸ ਤੋਂ। ਵੰਜੀਐ-ਵੰਚਤ (ਵਾਂਝੇ) ਹੋ ਜਾਈਦਾ ਹੈ। ਹਰਿ ਬਿਸਰਿਐ-ਹਰੀ ਵਿਸਰ ਜਾਣ ਨਾਲ, ਭੁਲਿਆਂ। ਕਿਉ ਤ੍ਰਿਪਤਾਵੈ-ਕਿਵੇਂ ਰਜ ਆਵੇ ? ਨ ਰੰਜੀਐ-ਪ੍ਰਸੰਨ ਨਹੀਂ ਕੀਤਾ ਜਾ ਸਕਦਾ। ਅਨ-ਹੋਰ ਪਾਸੇ। ਨਰਕਿ-ਨਰਕ ਵਿੱਚ। ਸਮੰਜੀਐ-ਸਮਾਈਦਾ ਹੈ। ਭਉ ਭੰਜੀਐ-(ਆਵਾ-ਗਵਨ ਦਾ) ਡਰ ਦੂਰ ਕਰ ਦੀਜੀਏ ਜੀ।

ਅਰਥ :- (ਜਿਹੜੀ ਮਾਇਆ) ਸੰਸਾਰ ਤੋਂ ਕੂਚ ਕਰਦਿਆਂ ਨਾਲ ਨਹੀਂ ਚਲਦੀ, ਉਸ ਨੂੰ ਫਿਰ ਕਿਉਂ ਇੱਕਠੀ ਕਰੀਏ ?

ਭਲਾ ਦੱਸੋ। ਜਿਸ (ਮਾਇਆ) ਤੋਂ ਅੰਤ ਨੂੰ ਵੰਚਤ (ਵਾਂਝੇ) ਹੋ ਜਾਈਦਾ ਹੈ, ਉਸ ਲਈ ਹੀ ਜਤਨ ਕੀਤੇ ਜਾਣੇ ਕਿਹੜੇ ਕੰਮ ?

ਹਰੀ-ਪ੍ਰਭੂ ਤੋਂ ਭੁਲਿਆਂ (ਜੀਵ) ਕਿਵੇਂ ਤ੍ਰਿਪਤ ਹੋ ਸਕਦਾ ਹੈ ? ਇਸ ਤਰ੍ਹਾਂ ਮਨ ਨੂੰ ਹਰਗਿਜ਼ ਪ੍ਰਸੰਨ ਨਹੀਂ ਕੀਤਾ ਜਾ ਸਕਦਾ।

ਪ੍ਰਭੂ ਨੂੰ ਛਡ ਕੇ (ਜੇ ਕੋਈ ਕਿਸੇ) ਹੋਰ ਪਾਸੇ ਜਾ ਲਗੇ (ਤਾਂ ਇਸ ਤਰ੍ਹਾਂ ਅੰਤ ਨੂੰ) ਨਰਕ ਵਿੱਚ ਹੀ ਸਮਾਈਦਾ ਹੈ।

(ਪਉੜੀ ਦੇ ਅੰਤ ਵਿੱਚ 'ਨਾਨਕ' ਮੁਹਰ-ਛਾਪ ਲਾ ਕੇ ਗੁਰਦੇਵ ਜੀਵ ਨੂੰ ਬੇਨਤੀ ਕਰਨ ਦਾ ਵਲ ਸਿਖਾਣ ਲਈ ਪੂਰਨਾ ਪਾਉਂਦੇ ਹਨ) ਹੇ ਪ੍ਰਭੂ ਜੀ ! ਕਿਰਪਾਲੂ ਦਿਆਲੂ ਹੋ ਕੇ ਨਾਨਕ ਦਾ (ਆਵਾ-ਗਵਨ ਦਾ) ਡਰ ਦੂਰ ਕਰੀਏ ਜੀ।੧੦।



www.AKJ.Org

# Meeting with Bhagat Singh The Great Patriot

(AUTOBIOGRAPHY OF BHAI SAHIB RANDHIR SINGH)

Bhagat Singh was so overwhelm by the joy of meeting after months of anxious moments, that tears rolled down his eyes. I had hardly met anyone in life who had developed so deep affection and love even before coming into contact with me. It appeared we had known each other for long time. In a rapturous tone he said, "O I can hardly say how happy I am today on having met you at last. Day and night I was restlessly longing for just a short meeting with you. At last the blessed moment has come and my wishes have been fulfilled. After knowing all your great sacrifices and suffering in prison, I had become your keep admirer and passionate devotee. It was the heroism of the great freedom fighters of 1914-15 like you, which inspired insignificant patriot like me. All our revolutionary exploits are nothing compared to the astounding heroic deeds performed by you and your companions. Your own life and struggle for freedom and rights especially impressed me. Munshi Manna Singh perhaps told you with what passionate longing I was thirsting to meet you and talk to you. I should say that my inner attachment and admiration for you brought you back to Lahore prison after sixteen years. When I first sent a message to you within this prison, that I was anxious to meet you I received your divine command to keep the Sikh Symbols (beard and hair). I am prepared to abide by your wishes. I am really ashamed and am prepared to tell you frankly that I removed my hair and beard under pressing circumstances. It was for the service of the country that my companions compelled me to give up the Sikh appearnace and disguise myself as a sannyasin. So it is in association with the irreligious people that I was compelled to show disrespect to my religious symbols, but now I will certainly do whatever you wish me to do.

I was glad to see Bhagat Singh repentant and humble in his present attitude towards religious symbols. I was deeply impressed by his frank statement of facts, but I could not hesitate in expressing my inner feeling and I said :

"Brother Bhagat Singh Ji, I am deeply touched by your love for me. I am also impressed by your spirit of service and patriotic zeal, but I must tell you dear brother, that your companios did not give you good advice. You seem to be seeking something very petty and you became a prey to the evil and mischievous suggestions of your companions. Compared to our times the period in which you participated in the freedom struggle, is a period of great awakening. You could fearlessly take part in the freedom struggle and serve your country and humanity as you wished. But you must be knowing that in our times (1914-15) few and rare souls felt inspired to dedicate their lives to the cause of freedom. In the Punjab only a few Sikhs who could be counted on finger-tips were politically awake felt the patriotic fervour to fight for freedom. There was a great feeling and political


www.AKJ.Org

opposition to the heroic Ghadar Leaders and patriots who had come from Canada and America. Every child in the Punjab was opposed to them. I will give you only one example of the moral courage of the great patriot of those days. Bhai Nidhan Singh of Chugga village was a great patriot and fighter for freedom, who inspired hundreds of Indians living in foreign countries to come to India and dedicate their lives to freedom struggle. He spent thousands of rupees from his own pocket for freedom struggle. And yet he did not disguise himself. He came openly by sea but the Government at once made elaborate arrangements to arrest him. He reached India along with his companions without being detected. He could not be arrested. He came to the Punjab and threw himself heart and soul in the freedom struggle. His heroic deeds for the cause of freedom must be known to you. Warrants for his arrest had been issued, his photograph was widely publicised and a prize was set on his head. There was an all out attempt to arrest him. He moved swiftly from one place to another organising the freedom struggle. There was no sympathy and support for these freedom fighters in the public. The patriots dependend mostly on Bhai Nidhan Singh for organisation and inspiration. Of course in fearlessness there was none so daring as Kartar Singh Sarabha. One day Kartar Singh Sarabha feared that Bhai Nidhan Singh may be arrested. He was the key figure among the freedom fighters and it was necesary that he should not be arrested soon. Keeping only the political interest in view he suggested to Bhai Nidhan Singh that he should dye his beard and thus change his publicised appearance to some extent. Bhai Nidhan Singh boldly answered that he would never do such a thing and tarnish and disgrace his heroism in the freedom fight. "You can use me as best as you like with this appearance only and do not make any suggestions which would make me a coward" he said. His companions wanted him to fall a prey to their evil suggestions but his determination remained unshaken. For organising the freedom struggle, he travelled twenty to thirty miles a day and sometimes fearlessly passed close by the police posts. He performed such heroic deeds Compared to which your plans were insignificant. He did not even agree to change the colour of his beard, while you went to the extent of removing your hair and beard.

**Bhagat Singh :** Actually, I did not murder Saunders. I was of course accused of having murdered him. I considered it a great heroic deed and so took the credit for it. I confessed that I killed Saunders. Whether there was any benefit in it or not, I nevertheless got the credit for the whole deed. Even otherwise there was no escape for me.

**I :** The ideal of a true patriot is never to seek such petty joys of empty credits. For the joy of getting worldly praise you did not hesitate to fall from a higher spiritual ideal of becoming an apostate from Sikhism, nor did you ever repent over this fall from a much higher ideal. All that you have achieved by this wrong step is some trumpeting of your name and heroism by some papers. you gave up the Guru's personality for false glory and empty ambition. If you felt that you made a mistake you should have repented and



www.AKJ.Org

come back to the khalsa ideal by maintaining a sikh-like appearance again. Why did you not do it?

**Bhagat Singh :** I might have kept the sikh like appearance again, but then I would have lost the friendship and sympathy of my comrade B. K. Dutt. Secondly, I would not have got so much publicity as I am getting now. It is true that my sacrifices are insignificant compared to the sacrifices of the freedom fighters of 1914-15. But after such astounding sacrifices they did not get any publicity or praise in the papers. The Sikh papers had very limited circulation. Even they did no reveal all facts of the heroic deeds of patriots like you, because their timid policy prevented them from writing anything frankly. It is the non-Sikh papers which publicised my name widely and it is through them I have acquired all the glory associated with my name. It is a fact that if I had maintained the Sikh appearance and if I had professed myself to be an orthodox Sikh and kept hair and beard the non-Sikh papers would not have written a word about me, just as they did not write a word about you and your companions. Even out of Sikh papers "The Khalsa Akhbar", Lahore, an urdu paper, dared to write something about you. I know it for certain that Hindu papers are always reluctant to write even a word in praise of Sikh patriots and freedom fighters. They do not like Sikhs being praised for anything. If I had kept hair and beard again and become a Sikh, they would have started belittling me instead of praising me. So I hesitated to keep hair and beard again.

**I (Bhai Randhir Singh) :** On judging what you have said, my dear Bhagat Singh, your ideal of patriotism is very low and frippery. To make such a show of patriotism and service to the country for personal glory is cheap chauvinism and vain-jingoism. The patriots of 1914-15 movement suffered and served the country keeping only the selfless service of motherland in view. They did not have the slightest thought of such cheap publicity and never even in a dream had any ambition of personal glory. It is only in the company of petty minded and evil-motivated people that your mind was misled into such vain thoughts of personal glory. The seeking of eminence through newspapers, and honour and glory through propaganda are all superficial things about which it is rightly said in the Guru-Granth Sahib :

Mad are those who trumpet a man's glory,
Shameless is he who accepts such fame,
He is like a rat who has tied a winnowing basket to his waist,
He now finds it impossible even to get into his hole:

On hearing this Bhagat Singh was deeply moved and said, "The ideal of Sikhism is no doubt very high. The world in general hankers after empty glory only. I also drifted in the same passion for personal glory. But today I have realized that all these things are idle exhibition of vanity, conceit and self-glorification. I would have been fortunate if I had got the opportunity of living in close association with you for atleast three or four months. If I had got this opportunity to live in your company for three of four months, I would have gained much and all my shortcomings would have disappeared. Now I will do whatever you ask me to do. You now want me to become a kesha-dhari Sikh. I now admit that I made a great mistake.



www.AKJ.Org

Even contrary to this healthy family tradition, I went against the Guru's, instructions and showed irreverence to the Sikh symbols. But there is one more fact, and I would be committing a sin if I conceal it from you. I kept hair and beard merely because there was a long standing tradition in our family to do so. I am very proud to be called a Sikh. But the hard fact is that I was never religious at heart. You will excuse me if I tell you in quite plain terms that at heart I am an atheist. I still do not believe in God. All my companions know it. With all that I am willing to do anything you ask me to do. If you command me, I will keep hair and beard. Alas! if only I had got the opportunity to stay near you a little longer, you could have changed my atheistic views.

**I (Bhai Randhir Singh) :** I am very happy that you have revealed the truth of your inner state of mind and have not concealed what is really in your heart. It is absolutely useless to keep religious symbols like hair and beard while you are an atheist at heart, nor would I be proud of making you do such a thing. I am no more anxious about your coming back to Sikh forms, nor I am sorry that you do not have hair and beard. My only anxiety and wish now is that you should die with faith in God. You will definitely die on the scaffold. It would have been better if your atheism had disappeared before you faced death sentence. Even though you are an atheist remember one thing you will not die, keep it engraved in your heart that you will not die. You will be born again. Your soul is immortal and ageless. It will never be destroyed. It will be born again and again. Know this for dead certain that you will not die. You will take human birth again. Look within and see what you are ? Are you a soul, a spirit (Atma) or just a lump of flesh and blood ? Do you think that this self within you which speaks, understands, thinks, reflects on serving humanity and expires after doing great deeds, is nothing beyond bones, blood and flesh and do you think it will end with the end of the body ? No, never. Your real self will not be destroyed and you will never die".

On hearing these words which were uttered in the inspired mood (by the Grace of God), Bhagat Singh stood there mute and inwardly moved. For a moment he lost his physical consciousness and his mind soared high. Speechless, he bowed low, as if some unknown power had taken possession of him. For quite some time he remained absorbed in deep silence. I shook him with my hands and helped him to stand. On his face there was a strange glow. He came nearer me and stretching his hands through the fence he tried to touch my feet. I held his hands in mine and said that only the Guru's feet are worth worship and not human feet.

I helped him to stand up and regained control over himself he said "Your words have pierced my heart like an arrow, my disbelief and faithlessness have been terribly shaken, a magnetic influence has changed my inner being. Deep down in my heart now I believe that I will not die and this belief will remain unshaken in my mind, speech and actions. I am that Spirit that death will not destroy. I will not die. After I give up my body I will be born again. Until my new birth my Atma will remain in everlasting glory. When I die on the scaffold I will die with a great spiritual joy. I was brave through



www.AKJ.Org

sheer will power and asserted that I did not care for death. Within my heart was the deep hidden sorrow of complete extinction after death. Whenever this thought came to mind there was darkness before my mind. The thought of being reduced to nothingness after death created a painful void within my heart. Your words have brought a miraculous change in me. I can now see my future clearly in the light of new consciousness you have given me. The void created by the thoughts of extinction have disappeared. All doubts and delusions have dispelled.

"I have gained much more strength. I will now die with great moral and spiritual courage. Your exalted life has imparted to me the elixir of spirituality and I feel its ennobling influence. I knew one thing about your life that you always say what you have experienced and your words and actions are always in unison. Not only am I convinced that I will not die, and that I am immortal Atma but I am convinced that there is God and you have had a glimpse of Him. So now you will be extremely pleased to learn that your dear Bhagat Singh is a believer in God and he will die with complete spiritual faith in Sikhism, and according to the Sikh terminology, I will face not death but ascension. The word ascension is a beautiful word and reveals that the soul will rise above the body and go beyond death. After leaving my spirit will ascend heaven-wards and will never die. It will be born again and will work for the ideal service of the Motherland and the nation. How fruitful has been this meeting with you.

## '੧ਓ' ਤੇ ਗੁਰਬਾਣੀ ਦੀਆਂ ਤੁਕਾਂ ਦੀ ਛਪਾਈ ਵਿੱਚ ਅਣਗਹਿਲੀ

'ਦੀ ਟ੍ਰੀਬਿਊਨ' ਮਿਤੀ 19-7-96 ਦੇ ਪੰਨਾ 4 ਤੇ ਅੰਗਰੇਜ਼ੀ ਵਿੱਚ ਛਪੇ ਸੋਗ ਪੱਤਰ ਦੇ ਉੱਤੇ ਪੰਜਾਬੀ ਵਿੱਚ ਇਹ ਕੁੱਝ ਲਿਖਿਆ ਹੋਇਆ ਸੀ-

॥ ੧ਓ ਸਤਿਗੁਰੂ ਪ੍ਰਸਾਦਿ॥.........।

॥ ਘਲੇ ਆਵਹਿ ਨਾਨਕਾ, ਸਦੇ ਓਠ ਜਾਹਿ॥

ਇੱਕ ਓਅੰਕਾਰ (੧ਓ) ਨੂੰ ਇੱਕ ਊੜਾ (੧ਓ) ਲਿਖਣ ਦਾ ਕੀ ਅਰਥ ਕੀਤਾ ਜਾਏ ? ਲਘੂ ਮੰਗਲਾਚਰਣ "੧ਓ ਸਤਿਗੁਰ ਪ੍ਰਸਾਦਿ" ਹੈ, ਨਾਂ ਕਿ '੧ਓ ਸਤਿਗੁਰੂ ਪ੍ਰਸਾਦਿ'।

ਗੁਰਬਾਣੀ ਦੀ ਲਿਖੀ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੩੯ ਤੇ ਦਰਜ ਇਉਂ ਹੈ-

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਨਾਂ ਕਿ ਜਿਵੇਂ ਪੱਤਰ ਦੇ ਉੱਪਰ ਛਾਪੀ ਗਈ ਹੈ।

'ਓਠ' ਦਾ ਕੀ ਅਰਥ ਹੋਇਆ ? ਗੁਰਬਾਣੀ ਨੂੰ ਵਿਗਾੜ ਕੇ ਲਿਖਣਾ ਜਾਂ ਛਾਪਣਾ ਬੱਜਰ ਪਾਪ ਹੈ। ਇਸ ਤੋਂ ਬਚਣ ਦੀ ਲੋੜ ਹੈ। ਇਸ਼ਤਿਹਾਰ ਛਪਵਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਛਪਵਾਈਆਂ ਜਾਣ। ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਚੰਗਾ ਤਾਂ ਇਹੀ ਹੈ ਕਿ ਕਿਸੇ ਭੀ ਕਿਸਮ ਦੇ ਕਾਰਡਾਂ ਤੇ '੧ਓ' ਜਾਂ ਗੁਰਬਾਣੀ ਦੀਆਂ ਤੁਕਾਂ ਨਾ ਲਿਖੀਆਂ ਜਾਣ ਕਿਉਂ ਜੋ ਛਪੇ ਹੋਏ ਕਾਰਡ ਕੁੱਝ ਦਿਨਾਂ ਬਾਅਦ ਕੂੜੇ ਕਰਕਟ ਵਿੱਚ ਸੁੱਟ ਦਿੱਤੇ ਜਾਂਦੇ ਹਨ ਜੋ ਗੁਰਬਾਣੀ ਦੀ ਬੇਅਦਬੀ ਹੈ। ਜਿਸ ਗੁਰਬਾਣੀ ਦਾ ਅਸੀਂ ਸਭ ਤੋਂ ਵੱਧ ਸਤਿਕਾਰ ਕਰਦੇ ਹਾਂ ਉਸ ਨੂੰ ਕੂੜੇ ਕਰਕਟ ਵਿੱਚ ਰੋਲਣਾ ਕਿੱਥੋਂ ਦੀ ਸਿਆਣਪ ਹੈ ?



www.AKJ.Org

# ਜਗੁ ਕਊਆ ਮੁਖਿ ਚੁੰਚ ਗਿਆਨ

(ਪ੍ਰਿੰ: ਮੇਹਰ ਸਿੰਘ ਜੀ)

ਉਸ ਦਾਤਾਰ ਨੇ ਜਿਥੇ ਇਸ ਸੰਸਾਰੀ ਨੂੰ "ਇਹੁ ਜਗੁ ਸਚੈ ਕੀ ਹੈ ਕੋਠੜੀ" ਦੇ ਅਨੁਸਾਰ ਸੱਚਾ ਘਰ ਬਨਾਇਆ ਹੈ ਉਥੇ ਮਨੁਖਾਂ ਤੇ ਹੋਰ ਜੀਵਧਾਰੀਆਂ ਦੀਆਂ ਮਨੋਵਰਤੀਆਂ ਦੂਸ਼ਤ ਹੋ ਜਾਨ ਕਰਕੇ ਮਨੁੱਖਾਂ ਨੇ ਆਪ ਹੀ ਆਪਣੇ ਵਾਸਤੇ, ਦਾਤਾਰ ਦੀ ਇਸ ਸੁੰਦਰ ਰਚਨਾ ਨੂੰ ਆਪਨੀ ਦ੍ਰਿਸ਼ਟੀ ਨਾ ਸ਼ੁੱਧ ਹੋਣ ਕਰਕੇ ਨਾ ਰਹਿਣ ਦੇ ਕਾਬਲ ਵੀ ਸਮਝਿਆ ਹੈ। ਜੋ ਕੁਝ ਮਨੁੱਖ ਕਰਦਾ ਹੈ ਆਪਣੀ ਵਿਚਾਰ-ਧਾਰਾ ਦੇ ਅਧੀਨ ਹੋ ਕੇ ਕਰਦਾ ਹੈ ਤੇ ਉਸ ਚੀਜ਼ ਬਾਰੇ ਜਿਸ ਕਿਸਮ ਦਾ ਵਿਚਾਰ ਆਪਣੇ ਮਨ ਅੰਦਰ ਬਿਠਾ ਲੈਂਦਾ ਹੈ ਉਹ ਵੀ ਆਪਣੀ ਅੰਦ੍ਰਲੀ ਬ੍ਰਿਤੀ, ਸੋਚ ਤੇ ਮਾਇਆ ਦੇ ਨਾਲ ਲਤ-ਪਤ ਅਕਲ ਦਾ ਬਿਠਾਇਆ ਹੋਇਆ ਹੁੰਦਾ ਹੈ। ਹਰੇਕ ਆਦਮੀ ਦੀ ਸੋਚਣ ਸ਼ਕਤੀ ਤੇ ਉਸਦੀ ਸੋਚਣ ਵਿਧੀ ਅਲੱਗ ਅਲੱਗ ਹੁੰਦੀ ਹੈ। ਬਹੁਤਾ ਇਹ ਦੇਖਿਆ ਗਿਆ ਹੈ ਕਿ ਹਰੇਕ ਮਨੁਖ ਆਪਣੇ ਆਪ ਨੂੰ ਸ਼ੇਰ ਹੀ ਦਸਦਾ ਹੈ, ਪਾ ਨਹੀਂ ਦਸਦਾ। ਜਿਤਨੀ ਵੀ ਅਕਲ, ਧਨ, ਸ਼ਕਤੀ ਦਾ ਉਹ ਮਾਲਕ ਹੁੰਦਾ ਹੈ ਉਸ ਤੋਂ ਵੱਧ ਹੀ ਉਹ ਲੋਕਾਂ ਅਗੇ ਪੇਸ਼ ਕਰਦਾ ਹੈ। ਆਮ ਦੁਨੀਆਂਦਾਰ ਇਸ ਚੱਕਰ ਵਿਚ ਆ ਕੇ ਧੋਖਾ ਖਾ ਜਾਂਦੇ ਹਨ ਤੇ ਕੁਝ ਸਮਾਂ ਪਾ ਕੇ ਉਨ੍ਹਾਂ ਦੀ ਕਊਏ ਵਾਲੀ ਕਾਂ ਕਾਂ ਦੁਨੀਆਂ ਨੂੰ ਚੰਗੀ ਨਹੀਂ ਲਗਦੀ ਤੇ ਉਹ ਬਦਨਾਮ ਹੋ ਜਾਂਦੇ ਹਨ। ਠੀਕ ਇਸੇ ਪ੍ਰਕਾਰ ਹੀ ਹਰੇਕ ਧਰਮ ਦੇ ਪਰਚਾਰਕਾਂ ਤੇ ਹੋਰਨਾਂ ਮੋਢੀਆਂ ਦੀ ਵੀ ਦਸ਼ਾ ਹੁੰਦੀ ਹੈ। ਰੱਬ ਦਾ ਭੈਅ ਦਿਲ ਵਿਚੋਂ ਕੱਢ ਦੇਣ ਕਰਕੇ ਉਹ ਧੜਾ ਧੜ, ਕੋਰਾ ਝੂਠ ਬੋਲ ਕੇ ਆਪਣੀ ਵਡਿਆਈ ਲੋਕਾਂ ਕੋਲੋਂ ਕਰਾਉਂਦੇ ਹਨ ਪਰ ਜਦੋਂ ਢੋਲ ਦੇ ਪੋਲ ਦਾ ਪਤਾ ਲਗ ਜਾਂਦਾ ਹੈ ਉਦੋਂ ਉਹ ਸ਼ਰਮਿੰਦਾ ਹੋ ਕੇ ਇਕ ਝੂਠ ਨੂੰ ਛੁਪਾਉਣ ਲਈ ਦਸ ਝੂਠ ਹੋਰ ਘੜ ਲੈਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਅੰਦਰਲਾ ਮਨ ਹੋਰ ਕਾਲਾ ਹੁੰਦਾ ਜਾਂਦਾ ਹੈ ਤੇ ਉਹ ਫੇਰ ਆਪਣੇ ਚੁੰਚ-ਗਿਆਨ ਨੂੰ ਨਹੀਂ ਛੱਡਦੇ। ਝੂਠ ਬੋਲਣਾ ਉਨ੍ਹਾਂ ਨੂੰ ਮਿੱਠਾ ਲਗਦਾ ਹੈ ਤੇ ਉਹ ਅੰਤ ਵਿਚ ਆਪਣੇ ਆਪ ਨੂੰ ਗੁੜ-ਲਿਬੜੀ ਮੱਖੀ ਵਾਂਗੂੰ ਫਸਿਆ ਹੋਇਆ ਦੇਖਦੇ ਹਨ। ਬਦਨਾਮੀ ਸ਼ਰਮਿੰਦਗੀ ਤੇ ਘਰ ਘਰ ਦੀ ਧਤਕਾਰ ਤੋਂ ਸਿਵਾ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ। ਦੁਨੀਆਦਾਰਾਂ ਦੀ ਇਸੇ ਬੀਮਾਰੀ ਨੂੰ ਵਧਦਾ ਦੇਖਕੇ ਤੇ ਸਮਝਾਉਣ ਲਈ ਫੁਰਮਾਨ ਹੈ :-

ਜਗੁ ਕਊਆ ਮੁਖਿ ਚੁੰਚ ਗਿਆਨੁ॥
ਅੰਤਰਿ ਲੋਭੁ ਝੂਠੁ ਅਭਿਮਾਨੁ॥ (ਪੰਨਾ ੮੩੨)

ਥੋਥਾ ਗਿਆਨ ਗੁਮਰਾਹ ਕਰਦਾ ਹੈ ਤੇ ਉਸਦੇ ਮੰਨਣ ਕਰਕੇ ਲੋਭ, ਝੂਠ ਤੇ ਅੰਧਕਾਰ ਜੈਸੇ ਅਵਗੁਣ ਮਨੁੱਖ ਵਿੱਚ ਘਰ ਕਰ ਜਾਂਦੇ ਹਨ। ਝੂਠਾ ਗਿਆਨ ਪਰਚਾਰਕ ਮਾਨ ਪਰਤਿਸ਼ਟਾ ਨਹੀਂ ਪ੍ਰਾਪਤ ਕਰ ਸਕਦਾ ਤੇ -

ਝੂਠੇ ਕਉ ਨਾਹੀ ਪਤਿ ਨਾਉ॥
ਕਬਹੁ ਨ ਸੂਚਾ ਕਾਲਾ ਕਾਉ॥ (ਪੰਨਾ ੮੩੯)

ਸਪਸ਼ਟ ਹੈ ਕਿ ਗੁਰਮਤਿ ਐਸੇ ਚੁੰਚ ਗਿਆਨ ਨੂੰ ਨਹੀਂ ਕਬੂਲਦੀ ਕਿਉਂ ਜੋ 'ਸਚੇ ਕੀ ਕੋਠੜੀ' ਵਿੱਚ ਝੂਠ, ਫਰੇਬ ਤੇ ਪਰਪੰਚੀ ਦਾ ਪਸਾਰਾ ਜਾਇਜ਼ ਨਹੀਂ। ਮਨੁਖ ਦੇ ਮਨ ਨੂੰ ਇਹ ਗੁਮਰਾਹ ਕਰਨ ਵਾਲਾ ਗਿਆਨ, ਅਗਿਆਨ ਦੇ ਅੰਧਕਾਰ ਵਿੱਚ ਸੁੱਟ ਕੇ ਲੋਕ ਪਰਲੋਕ ਵਾਸਤੇ ਨਾਕਾਰਾ ਬਣਾਉਂਦਾ ਹੈ।

ਇਹ ਕੁਦਰਤੀ ਗੱਲ ਹੈ ਕਿ ਬੁਰਾਈ ਦਾ ਅਸਰ ਮਨੁੱਖ ਤੇ ਛੇਤੀ ਪੈਂਦਾ ਹੁੰਦਾ ਹੈ, ਮਨੁੱਖ ਦਾ ਝੁਕਾਅ ਬੁਰਾਈ ਵਲ ਭਲਾਈ ਦੇ ਮੁਕਾਬਲੇ ਤੇ ਛੇਤੀ ਰੁਚੀ ਕਰ ਹੁੰਦਾ ਹੈ। ਫੁਰਮਾਨ ਹੈ :-

ਆਪਿ ਨ ਬੂਝੈ ਲੋਕ ਬੁਝਾਵੈ॥
ਮਨ ਕਾ ਅੰਧਾ ਅੰਧੁ ਕਮਾਵੈ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥
(ਪੰਨਾ ੮੩੨)

ਐਸਾ ਮਨੁੱਖ ਉਸ ਦਾਤੇ ਦੇ ਦਰਬਾਰ ਤੋਂ ਸਿਵਾਇ ਫਿਟਕਾਰ ਤੇ ਸ਼ਰਮਿੰਦਗੀ ਤੇ ਹੋਰ ਕੁਝ ਨਹੀਂ ਪ੍ਰਪਾਤ ਕਰ ਸਕਦਾ। ਸੰਸਾਰ ਦੀ ਚਾਲ ਇਹ ਹੈ ਕਿ ਕਿਸੇ ਵਿਰਲੇ ਭੈ, ਭਾਉ ਵਾਲੇ ਗੁਰਮੁਖ ਨੂੰ ਛੱਡ ਕੇ ਸਾਰਾ ਸੰਸਾਰ ਹੀ ਤੱਤ ਨੂੰ ਨਹੀਂ ਪਹਿਚਾਨਦਾ। ਗੁਰਬਾਣੀ ਵਿਚ ਫੁਰਮਾਨ ਹੈ :-

ਕਹਨ ਕਹਾਵਨ ਕਉ ਕਈ ਕੇਤੈ॥
ਐਸੋ ਜਨੁ ਬਿਰਲੋ ਹੈ ਸੇਵਕੁ
ਜੋ ਤਤ ਜੋਗ ਕਉ ਬੇਤੈ॥ (ਪੰਨਾ ੧੩੦੨)



www.AKJ.Org

ਮਨੋਵਿਗਿਆਨ ਦਾ ਇਕ ਕਾਨੂੰਨ ਹੈ ਕਿ ਮਨੁੱਖ ਕਿਸੇ ਤਰ੍ਹਾਂ ਕਿਸੇ ਹਾਲਤ ਵਿਚ ਤੇ ਕਿਸੇ ਵੀ ਵਾਤਾਵਰਨ ਵਿਚ ਆਪਣੇ ਮਨ ਦੇ ਵਿਚਾਰ, ਫੁਰਨੇ ਤੇ ਜਜ਼ਬਿਆਂ ਨੂੰ ਛੁਪਾਕੇ ਨਹੀਂ ਰੱਖ ਸਕਦਾ। ਕੋਈ ਨ ਕੋਈ ਐਸਾ ਮੌਕਾ ਆ ਹੀ ਜਾਂਦਾ ਹੈ ਜਦੋਂ ਉਹ ਆਪਣੇ ਦਿਲ ਦੀ ਗਲ ਦੂਜਿਆਂ ਅੱਗੇ ਪਰਗਟ ਕਰ ਦੇਂਦਾ ਹੈ।

"ਜੋ ਜੀਇ ਹੋਇ ਸੁ ਉਗਵੈ
ਮੁਹ ਕਾ ਕਹਿਆ ਵਾਉ।।" (ਪੰਨਾ੪੭੪)

ਚੂੰਕਿ ਮਨੁੱਖ ਦੀ ਕਥਨੀ ਤੇ ਕਰਨੀ ਇਕੋ ਜਿਹੀਆਂ ਨਹੀਂ ਹੁੰਦੀਆਂ ਇਸ ਵਾਸਤੇ ਚੁੰਚ ਗਿਆਨ ਪਾਣੀ ਦੇ ਬਿਲਾਉਣ ਦੇ ਸਾਮਾਨ ਹੈ ਜਿਸ ਦਾ ਨਤੀਜਾ ਕੁੱਝ ਨਹੀਂ ਹੁੰਦਾ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿਉਂ ਐਸਾ ਗਿਆਨ ਪਸੰਦ ਕਰਦੇ ਤੇ ਸੁਣਦੇ ਹਨ ? ਇਸ ਦਾ ਕਾਰਨ ਇਹ ਹੈ ਕਿ ਮਨੁੱਖ ਜਦੋਂ ਵੀ ਮਾਰ ਖਾਂਦਾ ਹੈ ਤਾਂ ਧਰਮ ਦੀ ਆੜ ਵਿੱਚ ਹੀ ਮਾਰ ਖਾਂਦਾ ਹੈ। ਲੋਕਾਂ ਨੇ ਧਰਮ ਨੂੰ ਵਪਾਰ ਸਮਝ ਕੇ ਦੁਕਾਨਦਾਰੀਆਂ ਦੀ ਸ਼ਕਲ ਦੇ ਦਿੱਤੀ ਹੋਈ ਹੈ, ਇਹੀ ਕਾਰਨ ਹੈ ਕਿ ਅਜ ਕਲ ਦਾ ਬਾਲਕ ਵੀ ਧਰਮ ਦੀਆਂ ਗੱਲਾਂ ਯਾ ਨਿਯਮਾਂ ਤੇ ਸਵਾਲ ਹੀ ਸਵਾਲ ਕਰਦਾ ਹੈ। ਕਹਿਣ ਵਾਲਿਆਂ ਦੀ ਕਰਨੀ ਤੇ ਕਥਨੀ ਭਿੰਨ ਭਿੰਨ ਹੁੰਦੀ ਹੈ ਇਸ ਵਾਸਤੇ ਇੱਕ ਛੋਟਾ ਜਿਹਾ ਦਿਮਾਗ ਵੀ ਐਸੇ ਮਨੁੱਖਾਂ ਦੇ ਬਚਨ ਤੇ ਪੜਚੋਲ ਹੀ ਕਰਦਾ ਹੈ। ਇਹਨਾਂ ਸਾਰੀਆਂ ਗੱਲਾਂ ਦਾ ਕਾਰਨ ਮਨੁੱਖ ਦਾ ਚੁੰਚ ਗਿਆਨ ਹੈ। ਪਿਛਲੇ ਜ਼ਮਾਨੇ ਦੇ ਲੋਕ ਭੋਲੇ ਭਾਲੇ ਹੁੰਦੇ ਸਨ, ਸਾਧਾਰਨ ਮਨ ਨਾਲ ਹਰੇਕ ਗੱਲ ਤੇ ਇਤਬਾਰ ਕਰ ਲੈਂਦੇ ਸਨ ਪਰ ਜਦੋਂ ਥੋਥਾ ਗਿਆਨ ਵੱਧਦਾ ਗਿਆ ਹਰੇਕ ਮਨੁੱਖ ਬੱਚਾ ਤੇ ਜਵਾਨ *'ਕਿਉਂ' ਅਤੇ 'ਕੈਸੇ'* ਕਰਨ ਲੱਗ ਗਿਆ। ਸੋ ਇਕ ਐਸਾ ਮਨੁੱਖ ਜਿਹੜਾ ਚਾਰ ਦਿਨ ਗੁਰਦੁਆਰੇ ਜਾ ਕੇ ਅੱਖਾਂ ਮੀਟ ਕੇ ਬੈਠ ਜਾਏ, ਯਾ ਆਪਣੀ ਕਥਨੀ ਨਾਲ ਲੋਕਾਂ ਨੂੰ ਪ੍ਰਭਾਵਤ ਕਰ ਲਵੇ, ਉਸ ਨੂੰ ਰੱਬ ਤੋਂ ਡਰਨ ਵਾਲੇ ਲੋਗ ਸੱਚਾ ਤੇ ਰਹਿਨੁਮਾ ਸਮਝਣ ਲੱਗ ਪੈਂਦੇ ਹਨ ਤੇ ਫਿਰ ਉਸ ਦੇ ਚੁੰਚ ਗਿਆਨ ਦੇ ਜਾਲ ਵਿੱਚ ਫਸ ਕੇ ਆਪਣੇ ਲਈ ਮੁਸੀਬਤਾਂ ਸਹੇੜ ਲੈਂਦੇ ਹਨ।

ਐਸਾ ਕਰਨਾ ਠੀਕ ਨਹੀਂ, ਗੁਰਮਤਿ ਦੇ ਖਿਲਾਫ਼ ਹੈ। ਸੱਚ ਬੜੀ ਚੰਗੀ ਚੀਜ਼ ਹੈ, ਸੱਚ ਕੌੜਾ ਹੁੰਦਾ ਹੈ ਪਰ ਇਸ ਦਾ ਫਲ ਮਿੱਠਾ ਹੁੰਦਾ ਹੈ। ਝੂਠ ਬੜਾ ਹੀ ਮਿੱਠਾ ਹੁੰਦਾ ਹੈ ਪਰ ਇਸ ਦਾ ਫਲ ਬਹੁਤ ਹੀ ਕੌੜਾ ਹੁੰਦਾ ਹੈ। ਚੁੰਚ ਗਿਆਨੀਆਂ ਦੀ ਦਸ਼ਾ ਬਾਰੇ ਹੁਕਮਨਾਮਾ ਹੈ :-

ਜਗੁ ਕਊਆ ਨਾਮੁ ਨਹੀ ਚੀਤਿ।।
ਨਾਮੁ ਬਿਸਾਰਿ ਗਿਰੈ ਦੇਖੁ ਭੀਤਿ।।
ਮਨੂਆ ਡੋਲੈ ਚੀਤਿ ਅਨੀਤਿ।।
ਜਗ ਸਿਉ ਤੂਟੀ ਝੂਠ ਪਰੀਤਿ।।
(ਪੰਨਾ ੧੧੮੭)

ਜੇ ਕੋਈ ਰੱਬ ਦੀ ਭਗਤੀ ਕਰਨ ਵਾਲਾ ਵੀ ਅਹੰਕਾਰੀ ਬਣ ਕੇ ਆਪਣਾ ਮਨ-ਘੜਤ ਗਿਆਨ ਪਰਚਾਰੇ ਤੇ ਲੋਕਾਂ ਨੂੰ ਗੁਮਰਾਹ ਕਰੇ ਉਹ ਵੀ ਆਪਣਾ ਜਨਮ ਜੂਏ ਵਿੱਚ ਹਾਰ ਜਾਏਗਾ।

ਕਹਿ ਕਹਿ ਕਹਣੁ ਆਪੁ ਜਾਣਾਏ।
ਬਿਰਥੀ ਭਗਤਿ ਸਭੁ ਜਨਮੁ ਗਵਾਏ।।੬।।
(ਪੰਨਾ ੧੨੭੭)

ਉਸਦੀ ਕੇਵਲ ਭਗਤੀ ਹੀ ਬੇਕਾਰ ਨਹੀਂ ਜਾਂਦੀ, ਉਸ ਨੂੰ ਸੱਚੀ ਕਚਹਿਰੀ ਵਿਚੋਂ ਸਜ਼ਾ ਵੀ ਮਿਲਦੀ ਹੈ ਕਿਉਂ ਜੋ ਦੁਨੀਆਦਾਰਾਂ ਨੂੰ ਗੁਮਰਾਹ ਕਰਨਾ ਆਚਰਨਕ ਕੋਡ ਵਿਚ ਹੀ ਜੁਰਮ ਹੈ, ਪ੍ਰੰਤੂ ਵਾਹਿਗੁਰੂ ਦੇ ਦਰਬਾਰ ਵਿੱਚ ਵੀ ਉਸ ਨੂੰ ਸਜ਼ਾ ਦੀ ਮਾਫ਼ੀ ਨਹੀਂ ਹੋ ਸਕਦੀ, ਤੇ

ਅਵਰ ਉਪਦੇਸੈ ਆਪਿ ਨ ਕਰੈ।।
ਆਵਤ ਜਾਵਤ ਜਨਮੈ ਕਰੈ।।
(ਪੰਨਾ੨੬੯)

ਦੇ ਮੁਤਾਬਿਕ ਉਸ ਨੂੰ ਆਵਾਗਉਣ ਵਿੱਚ ਭੌਣਾ ਪਏਗਾ।

ਥੋਥਾ ਗਿਆਨ ਤੇ ਅਵਰ ਉਪਦੇਸ਼ਨ ਤੇ ਆਪ ਨਾ ਕਰਨ ਦੀ ਪਾਲਿਸੀ ਗੁਰਸਿੱਖ ਲਈ ਉਸ ਦੇ ਵਿਨਾਸ਼ ਦਾ ਕਾਰਨ ਹੈ। 'ਮੁਹਿ ਚਲੈ ਸੁ ਅਗੈ ਮਾਰੀਐ' ਵੀ ਐਸੀ ਹੀ ਵਾਰਨਿੰਗ ਗੁਰਸਿੱਖ ਲਈ ਹੈ। ਸੋ ਗੁਰਬਾਣੀ ਵੀ ਹਰ ਐਸੇ ਮਨੁੱਖ ਲਈ, ਜੇਹੜਾ ਆਪ ਅਮਲ ਨਾ ਕਰੇ ਤੇ ਦੂਜਿਆਂ ਨੂੰ ਅਮਲ ਕਰਨ ਲਈ ਜ਼ੋਰ ਲਗਾਏ, ਜ਼ਬਰਦਸਤ ਵਾਰਨਿੰਗ ਦੇਂਦੀ ਹੈ। ਰਾਮਕਲੀ ਮ: ੫ ਵਿੱਚ ਫ਼ੁਰਮਾਇਆ ਹੈ-

ਮੁਖ ਤੇ ਪੜਤਾ ਟੀਕਾ ਸਹਿਤ।।
ਹਿਰਦੈ ਰਾਮੁ ਨਹੀ ਪੂਰਨ ਰਹਤ।।


www.AKJ.Org

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ।।
ਅਪਨਾ ਕਹਿਆ ਆਪਿ ਨ ਕਮਾਵੈ।।
(ਪੰਨਾ ੬੬੭)

ਗੁਰਬਾਣੀ ਮਨੁੱਖ ਨੂੰ ਹਦਾਇਤ ਕਰਦੀ ਹੈ ਕਿ ਕਹਿਣੀ ਤੇ ਕਰਨੀ ਵਿਚ ਫ਼ਰਕ ਹੋਣਾ, ਮਨੁੱਖ ਲਈ ਉਸ ਦੇ ਆਪਣੇ ਵਾਸਤੇ ਇਕ ਬੜਾ ਪਾਪ ਹੈ ਤੇ ਗੁਰਮਤਿ ਇਸ ਨੂੰ ਕਦੀ ਵੀ ਸਲਾਹੁਣ ਲਈ ਤਿਆਰ ਨਹੀਂ। ਇਹ ਤਾਂ 'ਬੀਜੇ ਬਿਖੁ ਮੰਗੈ ਅੰਮ੍ਰਿਤੁ' ਵਾਲਾ ਮਾਮਲਾ ਹੈ। ਕਰਮ ਕੁੱਝ ਕਰਨਾ ਤੇ ਉਹਨਾਂ ਦਾ ਫਲ ਕੁੱਝ ਮੰਗਣਾ। ਐਸਾ ਤਾਂ ਗੁਰਮਤਿ ਵਿਚ ਪ੍ਰਵਾਨ ਨਹੀਂ।

ਫ਼ੁਰਮਾਨ ਹੈ ਕਿ :-

ਕਬੀਰਿ ਧਿਆਇਓ ਏਕ ਰੰਗ।।
ਨਾਮਦੇਵ ਹਰਿ ਜੀਉ ਬਸਹਿ ਸੰਗਿ।।
ਰਵਿਦਾਸ ਧਿਆਏ ਪ੍ਰਭ ਅਨੂਪ।।
ਗੁਰ ਨਾਨਕ ਦੇਵ ਗੋਵਿੰਦ ਰੂਪ।।
(ਪੰਨਾ ੧੧੯੨)

ਵਡੇ ਵਡੇ ਭਗਤਾਂ ਨੇ ਪਹਿਲੇ ਆਪ ਕਮਾਈ ਕੀਤੀ ਫੇਰ ਉਹੀ ਉਪਦੇਸ ਉਹਨਾਂ ਨੇ ਲੋਕਾਂ ਨੂੰ ਦਿੱਤੇ ਤੇ ਉਹਨਾਂ ਦਾ ਅਸਰ ਲੋਕਾਂ ਤੇ ਪਿਆ।

ਸੇ 'ਮੂਰਖ ਅੰਧਿਆ ਅੰਧੀ ਧਾਤੁ। ਕਹਿ ਕਹਿ ਕਹਣੁ ਕਹਾਇਨਿ ਆਪੁ।' (੧੨੩੯) ਦੇ ਮੁਤਾਬਕ ਕੇਵਲ ਕਹਿਣੀ ਇਕ ਭਾਰੀ ਜੁਰਮ ਹੈ, ਕਰਨੀ ਹੀ ਪ੍ਰਵਾਨ ਹੈ।

ਨਤੀਜਾ ਇਹ ਨਿਕਲਿਆ ਕਿ ਚੁੰਚ ਗਿਆਨ ਮਨੁੱਖ ਲਈ ਹਾਨੀਕਾਰਕ ਹੈ ਤੇ ਉਸ ਕਊਏ ਦੇ ਸਮਾਨ ਹੈ ਜਿਸ ਦੀ ਆਵਾਜ਼ ਨਾ-ਪਸੰਦ ਤੇ ਮੂੰਹ ਗੰਦਗੀ ਨਾਲ ਭਰਿਆ ਹੋਇਆ ਹੈ। ਜਿਸ ਤਰ੍ਹਾਂ ਐਸੇ ਕਊਏ ਨੂੰ ਲੋਕ ਫਿਟਕਾਰਦੇ ਹਨ, ਠੀਕ ਇਸੇ ਪ੍ਰਕਾਰ ਐਸੇ ਮਨੁੱਖ ਦੀ ਲੋਕ ਪ੍ਰਵਾਹ ਨਹੀਂ ਕਰਨਗੇ ਤੇ ਉਸ ਦੀ ਦਸ਼ਾ ਗੰਦੇ ਕਊਏ ਵਾਂਗੂੰ ਧਿਰਣਾਯੋਗ ਹੀ ਰਹੇਗੀ।

ਆਤਮਕ ਤੌਰ ਤੇ ਇਹ ਇਕ ਆਤਮਕ ਘਾਟਾ ਹੈ ਕਿ ਅੰਦਰੋਂ ਆਪ ਤੇ ਦੋਸ਼ੀ ਹੋਵੇ ਤੇ ਦੂਜਿਆਂ ਨੂੰ ਉਪਦੇਸ਼ ਕਰੇ। ਗੁਰਸਿੱਖ ਲਈ ਇਸ ਤੋਂ ਦੂਰ ਰਹਿਣਾ ਹੀ ਠੀਕ ਹੈ ਕੇਵਲ ਐਸੀ ਹੀ ਦਸ਼ਾ ਵਿੱਚ *'ਮਨ ਖਿੜਿਆ ਹਰਿਆ ਬਾਗ'* ਦੀ ਦਸ਼ਾ ਗੁਰਸਿੱਖ ਤੇ ਆ ਸਕਦੀ ਹੈ ਕਿ ਉਸ ਦੀ ਕਥਨੀ ਤੇ ਕਰਨੀ ਦੋਵੇਂ ਇਕਸਾਰ ਹੋਣ।

## ਫ਼ੁਰਨੇ

ਸਿਮਰਨ ਜਾਂ ਪਾਠ ਕਰਦਿਆਂ ਮਨ ਵਿਚੋਂ ਉੱਠੇ ਫ਼ੁਰਨੇ ਸਤਿਗੁਰੂ ਦੇ ਚਰਨਾਂ ਨਾਲੋਂ ਲਿਵ ਤੋੜ ਕੇ ਮੁੜ ਮਾਇਆ ਦੀ ਘੁੰਮਣਘੇਰੀ ਵਿੱਚ ਫਸਾ ਦਿੰਦੇ ਹਨ। ਇਸ ਬਰੀਕੀ ਨੂੰ ਸਮਝਣ ਲਈ ਇਕ ਮਿਥਿਹਾਸਿਕ ਕਥਾ ਇਉਂ ਹੈ-

ਦੋ ਅਮਲੀ ਸਨ। ਇਕ ਅਮਲੀ ਪਰੀਸਤਾਨ ਚਲਿਆ ਗਿਆ। ਕਾਫ਼ੀ ਦੇਰ ਬਾਅਦ ਉਹ ਵਾਪਸ ਮੁੜਿਆ। ਦੂਜਾ ਅਮਲੀ ਪੁੱਛਣ ਲੱਗਾ, *"ਯਾਰ ! ਤੂੰ ਕਿੱਥੇ ਚਲਿਆ ਗਿਆ ਸੀ ?" "ਪਰੀਆਂ ਦੇ ਦੇਸ"*, ਪਹਿਲੇ ਅਮਲੀ ਨੇ ਉੱਤਰ ਦਿੱਤਾ। ਦੂਜਾ ਅਮਲੀ ਕਹਿਣ ਲੱਗਾ, *"ਮੈਨੂੰ ਵੀ ਉਥੇ ਲੈ ਚੱਲੀਂ।"* ਪਹਿਲੇ ਅਮਲੀ ਨੇ ਕਹਿਆ ਕਿ ਮੈਨੂੰ ਪਰੀ ਲੈਣ ਆਏਗੀ, ਜਦੋਂ ਉਹ ਮੈਨੂੰ ਨਾਲ ਲੈ ਕੇ ਉੜੇਗੀ ਤਾਂ ਤੂੰ ਮੇਰੇ ਪੈਰ ਫੜ ਲਈਂ। ਇਵੇਂ ਹੀ ਹੋਇਆ। ਉਡਦੇ ਜਾਂਦਿਆਂ ਥੱਲੇ ਵਾਲਾ ਅਮਲੀ ਪੁੱਛਣ ਲੱਗਾ, *"ਯਾਰ ! ਉਥੇ ਡੋਡੇ (ਪੋਸਤ) ਵੀ ਹੈਨ ?" "ਹੈਨ"*, ਉਤਲੇ ਪੋਸਤੀ ਨੇ ਜਵਾਬ ਦਿੱਤਾ। *"ਕਿੱਡੇ ਕਿੱਡੇ ?"*....... *"ਐਡੇ ਐਡੇ"*, ਬਾਹਾਂ ਉਲਾਰ ਕੇ ਉੱਤਰ ਦਿੰਦਿਆਂ ਉਤਲੇ ਅਮਲੀ ਦੇ ਹੱਥ ਪਰੀ ਦੇ ਪੈਰਾਂ ਨਾਲੋਂ ਛੁੱਟ ਗਏ ਅਤੇ ਦੋਵੇਂ ਪੋਸਤੀ ਘੜੰਮ ਧਰਤੀ ਤੇ ਆ ਡਿੱਗੇ।

**ਲਿਵ ਛੁੜਕੀ, ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ।।**
(ਅਨੰਦੁ ਸਾਹਿਬ)


www.AKJ.Org

## ਅਨੰਦ ਕਾਰਜ ਦੀ ਅਨੰਦਤਾ

(ਭਾਈ ਮਹਿੰਦਰ ਸਿੰਘ, ਚਚਰਾੜੀ)

ਧਰਮਾਂ ਦੀ ਪ੍ਰਤੀਨਿਧਤਾ ਕਰਨੇ ਵਾਲਿਆਂ, ਹਮੇਸ਼ਾਂ ਗ੍ਰਹਿਸਤ ਤਿਆਗ ਕੇ ਬਿਹੰਗਮ ਭਗਤੀ ਉੱਪਰ ਹੀ ਜ਼ੋਰ ਦਿੱਤਾ ਹੈ। ਕੁਦਰਤ ਦੀ ਸੁੰਦਰਤਮ ਰਚਨਾ *'ਇਸਤਰੀ'* ਨੂੰ ਤਿਆਗ ਕੇ ਪ੍ਰਭੂ-ਪ੍ਰਾਪਤੀ ਦਾ ਬੇਤੁਕਾ ਢੌਂਗ ਕਰਨ ਵਾਲਿਆਂ ਦੀ, ਇਨਕਲਾਬੀ ਰਹਿਬਰ, ਮਾਲਕ-ਏ ਕਾਇਨਾਤ, ਨਿਰੰਕਾਰੀ ਰੂਹ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਗੁਰਗੱਦੀ ਬਿਰਾਜਮਾਨ, ਅਰਸ਼ੀ ਗੁਰਬਾਣੀ ਭੰਡਾਰ, ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ ਸੰਪਾਦਕ ਪੰਜਵੇਂ ਗੁਰਦੇਵ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਔਰਤ ਨੂੰ ਯਕੀਨ, ਛੇਵੇਂ ਪਾਤਸ਼ਾਹ, ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਔਰਤ ਈਮਾਨ ਹੈ, ਦਾ ਪ੍ਰੇਰਣਾਤਮਕ ਇਨਕਲਾਬੀ ਸਬਕ ਸਿਖਾਇਆ ਹੈ। ਗੁਰਬਾਣੀ ਤੇ ਵੇਦ ਵਿਆਸ ਭਾਈ ਗੁਰਦਾਸ ਜੀ ਨੇ ਔਰਤ ਨੂੰ 'ਅਰਧ ਸਰੀਰੀ ਮੋਖ ਦੁਆਰੀ' ਕਹਿ ਕੇ ਸਤਿਕਾਰਿਆ ਹੈ। ਦਸਵੇਂ ਪਾਤਸ਼ਾਹ, ਕੌਮ ਦੇ ਸਿਰਜਨਹਾਰ, ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਸਿੰਘਾਂ ਦੇ ਬਰਾਬਰ ਦਰਜਾ ਬਖਸ਼ਕੇ ਔਰਤਾਂ ਨੂੰ ਮਰਦਾਨਗੀ ਦੇ ਜੰਗੀ ਕਰਤੱਵਾਂ ਦੀ ਸਿਖਲਾਈ ਦੇਣ ਹਿੱਤ ਸਿੰਘਾਂ ਵਾਲਾ ਬਾਣਾ ਪਹਿਨਾ ਦਿੱਤਾ, ਜੋ ਕਿ ਔਰਤ ਦੇ ਸਤਿਕਾਰ ਦੀ ਬੇਮਿਸਾਲ ਘਟਨਾ ਸੀ। ਕੁਦਰਤੀ ਨੇਮ ਅਨੁਸਾਰ ਮਰਦ-ਔਰਤ ਦਾ ਰੂਹਾਨੀ ਅਤੇ ਸਰੀਰਕ ਮੇਲ ਸੰਪੂਰਨਤਾਈ ਦਾ ਲਖਾਇਕ ਹੈ। ਕੁਦਰਤੀ ਨੇਮ ਦੀ ਸਾਰਥਕਤਾ ਮੁਤਾਬਕ ਮਰਦ ਔਰਤ ਦੇ ਪਵਿੱਤਰ ਮਿਲਨ ਨਾਲ ਹੀ ਸ੍ਰਿਸ਼ਟੀ ਦੀ ਉਤਪਤੀ ਅਤੇ ਸਿਜਰਨਾ ਸੰਭਵ ਹੈ। ਵੱਖ ਵੱਖ ਮੱਤਾਂ ਵਿਚ ਇਸ ਮਿਲਨ ਨੂੰ ਸ਼ਾਦੀ, ਵਿਵਾਹ, ਨਿਕਾਹ, ਮੈਰਿਜ ਆਦਿਕ ਨਾਵਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ, ਪਰ ਗੁਰਮਤਿ ਅਨੁਸਾਰ ਇਹ ਮਿਲਨ ਪਵਿੱਤਰ ਅਨੰਦ ਕਾਰਜ ਹੈ।

'ਅਨੰਦ ਕਾਰਜ ਦੀ ਚਲਦੀ ਰੀਤੀ ਦਾ ਆਰੰਭ ਬੇਸ਼ੱਕ ਸਦੀਆ ਤੋਂ ਕਿਸੇ ਨਾ ਕਿਸੇ ਰੂਪ ਵਿਚ ਹੋਇਆ ਚਲਿਆ ਆਉਂਦਾ ਹੈ, ਪਰ ਇਸ ਨੂੰ ਲੋੜੀਂਦੀ ਤਰਤੀਬ ਗੁਰਮਤਿ ਅਨੁਸਾਰ ਹੀ ਬਖਸ਼ਿਸ਼ ਹੋਈ ਹੈ। ਸ੍ਰਿਸ਼ਟੀ ਦੇ ਰਚਨਹਾਰ ਦੀ ਅਨੰਦ ਲੀਲਾ ਅਨੁਸਾਰ ਮਰਦ ਔਰਤ ਦੀ ਨੇੜਤਾ ਜੀਵਨ ਉਤਪਤੀ ਦਾ ਕਾਰਨ ਬਣਦੀ ਹੈ। ਇਸੇ ਤਰ੍ਹਾਂ ਕੁਦਰਤ ਦੇ ਹੋਰ ਜੀਵ ਵੀ ਦੁਵੱਲੀ ਖਿੱਚ ਦੇ ਜ਼ਰੀਏ ਆਪਸੀ ਮੇਲ ਨਾਲ ਸਿਰਜਨਹਾਰ ਦੇ ਹੁਕਮਾਂ ਦੀ ਤਾਮੀਲ ਕਰਦੇ ਹਨ। ਅਕਾਲ ਪੁਰਖ ਦੀ ਰਚਨਾ ਦਾ ਸਿਰਤਾਜ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਵਿਚ ਹੋਰਨਾਂ ਜੀਵਾਂ ਨਾਲੋਂ ਚੇਤੰਨਤਾ ਦੀ ਵਧੇਰੇ ਪ੍ਰਬਲਤਾ ਹੈ। ਇਸੇ ਚੇਤੰਨਤਾ ਕਰਕੇ ਹੀ ਮਨੁੱਖ, ਪਸ਼ੂ-ਜਗਤ ਨਾਲੋਂ ਵੱਖਰੀ ਹਸਤੀ ਦੇ ਤਸੱਵਰ ਦਾ ਮਾਣ ਕਰਦਾ ਹੈ। ਅਕਾਲਪੁਰਖ ਦੇ ਹੁਕਮ ਅਨੁਸਾਰ ਕਲਜੁਗੀ ਪ੍ਰਭਾਵ ਵਧਣ ਨਾਲ ਮਾਇਆ ਦੀ ਪਕੜ ਦਿਨ ਪ੍ਰਤੀ ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ। ਮਨੁੱਖੀ ਬਿਰਤੀਆਂ *ਮਾਇਆ'* ਦੀ ਕਾਲਖ ਨਾਲ ਕਾਲੇ ਰੰਗ ਨੂੰ ਆਪਣੇ ਦਿਲ-ਉ-ਦਿਮਾਗ ਉਪਰ ਕਾਬਜ ਹੋਣੋ ਬਚਾਉਣ ਤੋਂ ਅਸਮਰੱਥ ਹੁੰਦੀਆਂ ਜਾ ਰਹੀਆਂ ਹਨ। ਜਿਸ ਕਰਕੇ ਅੱਜ ਹਰ ਛੋਟੇ ਵੱਡੇ ਕਾਰਜ ਵਿਚ ਮਾਇਆ ਦੀ ਪ੍ਰਧਾਨਗੀ ਸਪੱਸ਼ਟ ਦਿਖਾਈ ਦੇਣ ਲੱਗ ਪਈ ਹੈ। *'ਅਨੰਦ ਕਾਰਜ'* ਦੇ ਰੂਹਾਨੀ ਅਨੰਦ ਨੂੰ ਵੀ ਮਾਇਆ ਨਾਲ ਤੋਲਣ ਦਾ ਸਿਲਸਿਲਾ ਤੇਜ਼ ਹੋ ਰਿਹਾ ਹੈ। ਇਸ ਰੁਝਾਨ ਦੇ ਪ੍ਰਭਾਵ ਹੇਠ *'ਅਨੰਦ ਕਾਰਜ'* ਦੀ ਪਵਿੱਤਰ ਮਰਯਾਦਾ ਦਾ ਵਪਾਰੀਕਰਣ ਹੁੰਦਾ ਜਾ ਰਿਹਾ ਹੈ। ਜਿਵੇਂ ਕਿ ਇਸ ਕਾਰਜ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਅਨੰਦ ਖੁਸ਼ੀ ਦਾ ਕਾਰਜ ਹੈ, ਜੋ ਕਿ ਦੋ ਜੀਵਾਂ ਦੇ ਪ੍ਰਸਪਰ ਪਿਆਰ ਅਤੇ ਲੀਨਤਾ ਵਿਚੋਂ ਪੈਦਾ ਹੋ ਕੇ ਜੀਵਨ-ਰਾਹ 'ਤੇ ਤੁਰਨ ਦੀ ਨਰੋਈ ਜਾਚ ਸਿਖਾਉਂਦਾ ਹੈ। ਗੁਰਮਤਿ ਦੀ ਫਿਲਾਸਫੀ *'ਮਾਇਆਵਾਦੀ ਰੁਝਾਨ'* ਦੀ ਅਨੁਸਾਰੀ ਨਹੀਂ, ਸਗੋਂ ਗੁਰਮਤਿ ਤਾਂ ਇਹ ਉਪਦੇਸ਼ ਦ੍ਰਿੜ ਕਰਾਉਂਦੀ ਹੈ-

**ਇਹ ਸੰਸਾਰ ਤੇ ਤਬ ਹੀ ਛੂਟਉ**
**ਜਉ ਮਾਇਆ ਨਹ ਲਪਟਾਵਉ ॥**

(ਪੰਨਾ ੬੯੩)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ



www.AKJ.Org

ਮਹਾਰਾਜ ਨੇ ਇਸ ਪਵਿੱਤਰ ਕਾਰਜ ਦੀ ਗੰਭੀਰਤਾ ਨੂੰ ਭਾਂਪਦਿਆਂ ਚਾਰ ਲਾਵਾਂ ਨੂੰ ਅਰਸ਼ੀ ਮੰਡਲਾਂ ਤੋਂ ਬਖ਼ਸ਼ਿਸ਼ ਕਰਕੇ ਮਨੁੱਖਤਾ ਨੂੰ ਸਰਸ਼ਾਰ ਕੀਤਾ। ਲਾਵਾਂ ਵਿੱਚ ਸੰਜੋਇਆ ਗੁਰਮਤਿ ਫ਼ਲਸਫ਼ਾ ਜੀਵਨ ਰਾਹ ਦੀ ਅਸਲੀਅਤ ਨੂੰ ਨਿਗਰ ਸੇਧ ਦੇਣ ਦੇ ਸਮਰੱਥ ਹੈ। ਇਸੇ ਕਰਕੇ ਸਿੱਖ ਕੌਮ ਦੀ ਪਵਿੱਤਰ ਮਰਿਯਾਦਾ ਅਨੁਸਾਰ *'ਲਾਵਾਂ'* ਦਾ ਪਾਠ *'ਅਨੰਦ ਕਾਰਜ'* ਦੀ ਸੰਪੂਰਨਤਾ ਦਾ ਅਹਿਮ ਹਿੱਸਾ ਹੈ। *'ਲਾਵਾਂ'* ਦੇ ਪਵਿੱਤਰ ਪਾਠ ਅਤੇ ਪੰਥਕ ਮਰਿਯਾਦਾ ਅਨੁਸਾਰ *'ਅਨੰਦ ਕਾਰਜ'* ਕਰਨ ਦੀ ਗੁਰਹਦਾਇਤ ਉੱਪਰ ਫੁੱਲ ਚੜ੍ਹਾਉਣੇ, ਹਰੇਕ ਗੁਰਸਿੱਖ ਦਾ ਮੁੱਢਲਾ ਫਰਜ਼ ਹੈ।

ਅੱਜ ਕਲ੍ਹ ਸਿੱਖ ਸਮਾਜ ਅੰਦਰ ਮਾਇਆਵਾਦੀ ਰੁਝਾਨ ਦਾ ਪ੍ਰਬਲ ਹਮਲਾ ਵੇਖਿਆ, ਗੰਭੀਰ ਸੋਚ-ਵਿਚਾਰ ਲਈ ਸਮਾਂ ਬਣਦਾ ਨਜ਼ਰ ਆ ਰਿਹਾ ਹੈ। ਮਾਇਆਵਾਦੀ ਰੁਝਾਨ ਦੀ ਵਧਦੀ ਪ੍ਰਵਿਰਤੀ, ਗੁਰਮਤਿ ਕਦਰਾਂ-ਕੀਮਤਾਂ ਦੀ ਦ੍ਰਿੜ੍ਹਤਾ ਵਿੱਚ ਕਮਜ਼ੋਰੀ ਆਉਣ ਲਈ ਜ਼ਿੰਮੇਵਾਰ ਹੈ। ਮਾਇਆ ਦੀ ਬਹੁਲਤਾ ਨੂੰ ਪਰਉਪਕਾਰੀ ਕਾਰਜਾਂ ਲਈ ਵਰਤਣਾ ਗੁਰਮਤਿ ਫਿਲਾਸਫੀ ਦਾ ਹਿੱਸਾ ਹੈ। ਮਾਇਆ ਦੀ ਬਹੁਲਤਾ ਦਾ ਪ੍ਰਗਟਾਵਾ ਕਰਕੇ *'ਅਨੰਦ ਕਾਰਜ'* ਵਰਗੀ ਪਵਿੱਤਰ ਰਸਮ ਨੂੰ ਬਾਹਰੀ ਚਮਕ-ਦਮਕ ਦੇ ਪ੍ਰਭਾਵ ਹੇਠ ਲਿਆਉਣ ਨਾਲ *'ਭਾਈ ਲਾਲੋਆਂ'* ਲਈ ਗੰਭੀਰ ਰੁਕਾਵਟਾਂ ਖੜ੍ਹੀਆਂ ਹੋ ਰਹੀਆ ਹਨ, *'ਮਲਕ ਭਾਗੋਆਂ'* ਦੀ ਚੜ੍ਹਤ ਹੋ ਰਹੀ ਹੈ। ਨਾਮ ਤੋਂ ਸੱਖਣੀ ਪਦਾਰਥਕ ਅਮੀਰੀ, ਗੁਰਮਤਿ ਵਿੱਚ ਪ੍ਰਵਾਨ ਨਹੀਂ-

ਮਾਇਆ ਸੰਚਿ ਰਾਜੇ ਅਹੰਕਾਰੀ॥
ਮਾਇਆ ਸਾਥਿ ਨ ਚਲੈ ਪਿਆਰੀ॥

(ਪੰਨਾ ੧੩੪੨)

ਮਾਇਆਵਾਦੀ ਰੁਝਾਨ ਦਾ ਪ੍ਰਭਾਵ ਵਧਣ ਨਾਲ *'ਅਨੰਦ ਕਾਰਜ'* ਦੀ ਮਹੱਤਵਪੂਰਣ ਰਸਮ ਨੂੰ ਮਨਮੱਤ ਪ੍ਰਧਾਨ ਕਰਨ ਦਾ ਸਿਲਸਿਲਾ ਜ਼ੋਰ ਫੜਦਾ ਜਾ ਰਿਹਾ ਹੈ। ਪੁਰਾਤਨ ਸਮਿਆਂ ਵਿੱਚ ਰਾਜੇ ਮਹਾਰਾਜਿਆਂ ਵਲੋਂ ਇਕ ਰਾਜ ਤੋਂ ਦੂਜੇ ਰਾਜ ਵਿੱਚ ਜਾਣ ਲਈ ਲੌ ਲਸ਼ਕਰ ਦੀ ਬਹੁਲਤਾ ਨੂੰ ਸਤਿਕਾਰਯੋਗ ਸਥਾਨ ਪ੍ਰਾਪਤ ਸੀ। ਇਸ ਰਸਮ ਨੂੰ ਹੌਲੀ ਹੌਲੀ ਖੁਸ਼ਨੁਮਾ ਮਾਹੌਲ ਨਾਲ ਜੁੜਦਿਆਂ, *'ਅਨੰਦ ਕਾਰਜ'* ਵਰਗੀ ਰਸਮ ਵਿੱਚ ਵੀ ਸਤਿਕਾਰਯੋਗ ਸਥਾਨ ਪ੍ਰਾਪਤ ਹੋ ਗਿਆ। ਕੁੱਝ ਧਾੜਵੀਆਂ, ਲੁਟੇਰਿਆਂ ਦੇ ਪ੍ਰਭਾਵ ਨੂੰ ਨਕਾਰਨ ਲਈ ਵੀ ਇਸ ਦੀ ਜ਼ਰੂਰਤ ਸਮਝੀ ਜਾਂਦੀ ਸੀ। ਅਮੀਰ ਤਬਕੇ ਦੀ ਰੀਸੋ-ਰੀਸ ਆਮ ਪਰਜਾ ਨੇ ਵੀ ਲਸ਼ਕਰਨੁਮਾ ਭੀੜ ਦੀ ਪ੍ਰਵਿਰਤੀ ਨੂੰ *'ਅਨੰਦ ਕਾਰਜ'* ਨਾਲ ਜੋੜ ਦਿੱਤਾ, ਜਿਸ ਦੇ ਸਿੱਟੇ ਵਜੋਂ ਬਰਾਤ ਲਿਜਾਣ ਦਾ ਸਿਲਸਿਲਾ ਚੱਲ ਪਿਆ। ਜਦ ਕਿ ਗੁਰਮਤਿ ਅਨੁਸਾਰ ਅਜਿਹੀ ਬਰਾਤ ਦੀ ਕੋਈ ਜ਼ਰੂਰੀ ਲੋੜ ਨਹੀਂ ਹੈ। ਵਿਚਾਰਨਯੋਗ ਨੁਕਤਾ ਇਹ ਹੈ ਕਿ ਕੀ ਬਾਕੀ ਸੰਸਾਰੀ ਜੀਵ ਬਰਾਤਾਂ ਨਾਲ ਹੀ ਪ੍ਰਸਪਰ ਸੰਬੰਧ ਪੈਦਾ ਕਰਦੇ ਹਨ, ਜਦ ਕਿ ਉਹ ਵੀ ਤਾਂ ਸਿਰਜਨਹਾਰ ਦੀ ਸ੍ਰਿਸ਼ਟੀ ਨੂੰ ਅੱਗੇ ਪ੍ਰਫੁਲਤ ਕਰ ਰਹੇ ਹਨ। ਗੁਰਮਤਿ ਅਨੁਸਾਰ ਜਿਸ ਬਰਾਤ ਦਾ ਨਕਸ਼ਾ ਦਰਸਾਇਆ ਗਿਆ ਹੈ, ਉਹ ਇਸ ਤਰ੍ਹਾਂ ਹੀ ਹੈ-

ਤਨੁ ਰੈਨੀ ਮਨੁ ਪੁਨਰਪਿ ਕਰਿ
ਹਉ ਪਾਚਉ ਤਤ ਬਰਾਤੀ॥
ਰਾਮਮਰਾਇ ਸਿਉ ਭਾਵਰਿ ਲੈਹਉ
ਆਤਮ ਤਿਹ ਰੰਗਿ ਰਾਤੀ॥੧॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ਰਹਾਉ॥
ਨਾਭਿ ਕਮਲ ਮਹਿ ਬੇਦੀ ਰਚਿ ਲੇ
ਬ੍ਰਹਮ ਗਿਆਨ ਉਚਾਰਾ॥
ਰਾਮਰਾਇ ਸੋ ਦੂਲਹੁ ਪਾਇਓ
ਅਸ ਬਡਭਾਗ ਹਮਾਰਾ॥੨॥
ਸੁਰਿ ਨਰ ਮੁਨਿ ਜਨ ਕਉਤਕ ਆਏ
ਕੋਟਿ ਤੇਤੀਸ ਉਜਾਨਾਂ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ,
ਪੁਰਖ ਏਕ ਭਗਵਾਨਾ॥੩॥੨॥੨੪॥

(ਪੰਨਾ ੪੮੨)

ਪੰਥਕ ਮਰਿਯਾਦਾ ਅਨੁਸਾਰ ਜਦੋਂ ਲੜਕਾ, ਲੜਕੀ ਸਰੀਰ, ਮਨ ਅਤੇ ਆਚਾਰ ਕਰਕੇ ਵਿਆਹੁਣ ਯੋਗ ਹੋ ਜਾਏ ਤਾਂ ਬਿਨਾਂ ਕਿਸੇ ਜਾਤ ਪਾਤ ਦੇ ਵਿਤਕਰੇ ਦੇ ਮਰਿਯਾਦਾ ਅਨੁਸਾਰ ਲਾਵਾਂ ਦੇ ਪਾਠ ਨਾਲ (ਪਰਕਰਮਾਂ ਸਮੇਤ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ *'ਅਨੰਦ ਕਾਰਜ'* ਕੀਤਾ ਜਾਵੇ। *'ਅਨੰਦ ਕਾਰਜ'* ਦੀ ਇਸ ਪਰਿਭਾਸ਼ਾਂ ਦੇ ਹੁੰਦਿਆਂ ਜਾਤ-ਪਾਤ,


www.AKJ.Org

ਗੋਤ ਆਦਿਕ ਦੀ ਵਿਚਾਰ, ਥਿਤਾਂ, ਵਾਰਾਂ ਦਾ ਨੇਮ ਰੱਖਣਾ ਮਨਮੱਤ ਹੈ। *'ਅਨੰਦ ਕਾਰਜ'* ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਹੈ। *'ਅਨੰਦ ਕਾਰਜ'* ਸਮੇਂ ਬੇਲੋੜਾ ਧਨ ਖਰਚਣਾ ਗੁਰਮਤਿ ਸਿਧਾਤਾਂ ਦੀ ਉਲੰਘਣਾ ਹੈ। ਗੁਰਮਤਿ ਦੀ ਅਮੀਰ ਫਿਲਾਸਫ਼ੀ ਦੇ ਹੁੰਦਿਆਂ, ਉਪਰਲੀ ਚਮਕ ਦਮਕ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ। *'ਅਨੰਦ ਕਾਰਜ'* ਦੀ ਰਸਮ ਸਮੇਂ ਗੁਰਸਿੱਖੀ ਮਰਿਯਾਦਾ ਦੇ ਧਾਰਨੀ ਹੋਣ ਨਾਲ ਹੀ ਗੁਰੂ ਪਾਤਸ਼ਾਹ ਜੀ ਦੀ ਖੁਸ਼ੀ ਹਾਸਲ ਹੋ ਸਕਦੀ ਹੈ। *'ਅਨੰਦ ਕਾਰਜ'* ਦੀ ਪਵਿੱਤਰ ਰਸਮ ਗੁਰਦੁਆਰਾ ਸਾਹਿਬ ਵਿੱਚ ਹੀ ਅਦਾ ਕਰਨੀ ਚਾਹੀਦੀ ਹੈ। ਜੁੱਗੋ ਜੁਗ ਅਟੱਲ, ਗੁਰਗੱਦੀ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਇਹ ਜ਼ਰੂਰੀ ਹੈ ਕਿ ਗੁਰੂ ਜੀ ਦੇ ਨਿੱਜ ਅਸਥਾਨ ਵਿਖੇ ਜਾ ਕੇ *'ਅਨੰਦ ਕਾਰਜ'* ਕਰਵਾਏ ਜਾਣ। ਹੋਟਲਾਂ, ਕਲੱਬਾਂ ਵਿੱਚ ਹੁੰਦੇ *'ਅਨੰਦ ਕਾਰਜਾਂ'* ਸਮੇਂ ਗੁਰਗੱਦੀ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਕਦਰੀ ਹੋ ਰਹੀ ਹੈ। ਆਪਣੀ ਫੋਕੀ ਵਡਿਆਈ ਖਾਤਰ ਗੁਰੂ ਜੀ ਦੇ ਸਤਿਕਾਰ ਨੂੰ ਦਾਅ ਤੇ ਲਗਾਉਣਾ ਸ਼ਰਮਨਾਕ ਤਾਂ ਹੈ ਹੀ, ਨਾਲ ਨਾਲ ਘੋਰ ਨਰਕ ਦਾ ਰਾਹ ਵੀ ਪੱਧਰਾ ਹੋ ਜਾਂਦਾ ਹੈ। ਰਹਿਤਵਾਨ ਸਿੰਘ ਸਿੰਘਣੀਆਂ ਦਾ ਇਹ ਮੁੱਢਲਾ ਫਰਜ਼ ਹੈ ਕਿ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਖਾਤਰ ਹਰ ਕੁਰਬਾਨੀ ਲਈ ਤਤਪਰ ਰਹਿਣ। ਗੁਰੂ ਮਹਾਰਾਜ ਦੇ ਸਰੂਪ ਨੂੰ ਹੋਟਲਾਂ, ਕਲੱਬਾਂ ਵਿੱਚ ਪ੍ਰਕਾਸ਼ ਕਰਨ ਵਾਲਿਆਂ ਨਾਲ ਸਖਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ, ਕਿਉਂਕਿ ਹੋਟਲਾਂ, ਕਲੱਬਾਂ ਦਾ ਮਾਹੌਲ ਗੁਰੂ ਜੀ ਦੇ ਪ੍ਰਕਾਸ਼ ਕਰਨ ਦੇ ਅਨੁਕੂਲ ਨਹੀਂ ਹੁੰਦਾ। ਵੈਸੇ ਵੀ ਗੁਰਮਤਿ ਵਿਚ ਤਾਂ ਗੁਰਦੁਆਰੇ ਹੀ ਵਿਆਹ ਕਰਨੇ ਕਰਵਾਉਣੇ ਸ਼ੋਭਨੀਕ ਹਨ-

ਗੁਰੁਦੁਆਰੈ ਹਮਰਾ ਵੀਆਹੁ ਜਿ ਹੋਆ
ਜਾ ਸਹੁ ਮਿਲਿਆ ਤਾ ਜਾਨਿਆ।।

(ਪੰਨਾ ੩੫੧)

ਅਨੰਦ ਕਾਰਜ ਸਮੇਂ ਗੰਦੇ ਰਿਕਾਰਡ, ਵੇਸਵਾ ਨਾਚ, ਸ਼ਰਾਬਾਂ ਦੇ ਦੌਰ, ਸਿਹਰਾ, ਮੁਕਟ ਸਜਾਉਣਾ, ਰਿਬਨ ਕੱਟਣਾ, ਵੱਟਣਾ ਮਲਣਾ, ਵਾਰ ਕੇ ਪਾਣੀ ਪੀਣਾ, ਜਠੇਰੇ ਨੂੰ ਮੱਥਾ ਟੇਕਣਾ, ਤੇਲ ਚੋਣਾ ਆਦਿਕ ਮਨਮਤੀ ਕਰਮ ਹਨ। ਅਨੰਦ ਕਾਰਜ ਸਮੇਂ ਵਿਆਹੁਤਾ ਜੋੜੇ ਉੱਪਰ ਨੋਟਾਂ ਦੀ ਵਰਖਾ ਕਰਨੀ, ਗੁਰਮਤਿ ਸਿਧਾਂਤਾਂ ਦੀ ਉਲੰਘਣਾ ਹੈ, ਕਿਉਂਕਿ ਗੁਰਮਤਿ ਅਨੁਸਾਰ ਲੜਕੇ - ਲੜਕੀ ਦਾ ਸੰਜੋਗ ਪੈਸੇ ਨਾਲ ਕਰਨਾ ਮਨਾ ਹੈ। ਦਾਜ ਦਾ ਰਿਵਾਜ ਵੀ ਗੁਰਮਤਿ ਵਿਰੋਧੀ ਹੈ। ਦਾਜ ਸੰਬੰਧੀ, ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਪੁੱਤਰ (ਗੁਰੂ ਤੇਗ ਬਹਾਦਰ ਜੀ) ਦੇ ਅਨੰਦ ਕਾਰਜ ਸਮੇਂ ਮਾਤਾ ਗੁਜਰੀ ਜੀ ਦੇ ਪਿਤਾ ਭਾਈ ਲਾਲ ਚੰਦ ਨੂੰ, ਗੁਰੂ ਜੀ ਵਲੋਂ ਦਿੱਤੇ ਇਸ ਉਪਦੇਸ਼ ਨੂੰ ਧਿਆਨ ਗੋਚਰੇ ਰੱਖਣਾ ਚਾਹੀਦਾ ਹੈ ਕਿ ਜਿਸਨੇ ਬੱਚੀ ਹੀ ਦੇ ਦਿੱਤੀ, ਉਸ ਨੇ ਪਿੱਛੇ ਰੱਖਿਆ ਹੀ ਕੀ ਹੈ ?

ਅਨੰਦ ਕਾਰਜ ਨੂੰ ਪਵਿੱਤਰ ਅਤੇ ਅਨੰਦਮਈ ਬਣਾਈ ਰੱਖਣਾ, ਸਿੱਖ ਕੌਮ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ। ਮਾਇਆਵਾਦੀ ਰੁਝਾਨ ਦੇ ਪ੍ਰਭਾਵ ਹੇਠ, ਅਨੰਦ ਕਾਰਜ ਦੀ ਪਵਿੱਤਰ ਰਸਮ ਨੂੰ ਸੋਗਮਈ ਚਮਕ-ਦਮਕ ਅਧੀਨ ਲਿਆਉਣ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਅਨੰਦਕਾਰਜ ਦੇ ਅਨੰਦਮਈ ਰਹਿਣ ਵਿੱਚ ਹੀ ਸਾਰਥਕਤਾ ਹੈ।

## ਸੱਚੀ ਸੰਗਤਿ

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜੁੜ ਬੈਠੀ ਸੰਗਤਿ ਜਿੱਥੇ ਗੁਰਬਾਣੀ ਦਾ ਪਾਠ, ਕਥਾ, ਕੀਰਤਨ ਹੁੰਦਾ ਹੈ, ਸੱਚੀ ਸੰਗਤਿ ਹੈ ਜਿਸ ਨੂੰ ਸਾਧ-ਸੰਗਤਿ ਕਿਹਾ ਜਾਂਦਾ ਹੈ। ਸਾਧਸੰਗਤਿ ਕਾਮ-ਧੇਨ ਹੈ। ਏਥੇ ਹੀ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਸ਼ੁੱਭ ਇਛਾਵਾਂ ਪੂਰੀਆਂ ਹੁੰਦੀਆਂ ਹਨ। ਆਪੂੰ ਬਣੇ ਕੱਚੇ ਪਿੱਲੇ ਗੁਰੂ ਅਤੇ ਪਖੰਡੀ ਸਾਧ ਸੰਤ ਕਿਸੇ ਦਾ ਕੁੱਝ ਨਹੀਂ ਸੁਆਰ ਸਕਦੇ, ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਉਨ੍ਹਾਂ ਦਾ ਝੁੱਗਾ ਚੌੜ ਹੀ ਕਰਦੇ ਹਨ ਅਤੇ ਗੁਰਮਤਿ ਤੋਂ ਉਲਟੇ ਰਾਹ ਤੇ ਪਾਉਂਦੇ ਹਨ।



www.AKJ.Org

# ਨਾਨਕ ਦੁਨੀਆ ਕੈਸੀ ਹੋਈ ?

(ਗਿ: ਮਹਿੰਦਰ ਸਿੰਘ ਆਜ਼ਾਦ, ਯੂ. ਕੇ.)

ਸਤਿਗੁਰੂ ਨਾਨਕ ਸਾਹਿਬ ਜੀ ਆਖਦੇ ਹਨ ਕਿ ਹੇ ਨਾਨਕ ! ਇਹ ਦੁਨੀਆ ਕੈਸੀ ਹੋ ਗਈ, ਦੁਨੀਆ ਨੂੰ ਕੀ ਹੋ ਗਿਆ ਹੈ ? ਸਾਲਕ ਮਿਤ ਨ ਰਹਿਓ ਕੋਈ ? ਪਤਾ ਨਹੀਂ ਸੰਸਾਰੀ ਲੋਕਾਂ ਨੂੰ ਕੀ ਹੋ ਗਿਆ? ਧਰਮ ਦੀ ਗੱਲ ਚੰਗੀ ਨਹੀਂ ਲਗਦੀ, ਪ੍ਰਭੂ ਦੀ ਕੀਰਤ ਵਿਚ ਮਨ ਨਹੀਂ ਲਗਦਾ, ਝੂਠੇ ਰੰਗ ਤਮਾਸ਼ੇ ਦੇਖਣ ਵਿਚ ਦੁਨੀਆ ਮਸਤ ਹੈ। ਝੂਠੀਆਂ ਚੀਜਾਂ ਨਾਲ ਦੁਨੀਆ ਦਾ ਪਿਆਰ ਜਾਂਦਾ ਹੈ। ਜਿਸ ਝੂਠੀ ਵਸਤੂ ਦਾ ਕੋਈ ਲਾਭ ਨਹੀਂ, ਉਹਦੇ ਨਾਲ ਮਨ ਲਗਾਇਆ ਹੋਇਆ ਹੈ। ਜਿਸ ਉੱਚੀ ਸੁੱਚੀ ਵਸਤੂ ਨੇ ਅੰਤ ਤੱਕ ਸਾਥ ਦੇਣਾ ਹੈ, ਉਸ ਤੋਂ ਦੁਨੀਆਂ ਵਾਂਝੀ ਹੁੰਦੀ ਜਾ ਰਹੀ ਹੈ। ਕੀ ਹੁੰਦਾ ਜਾ ਰਿਹਾ ਹੈ ਦੁਨੀਆਂ ਨੂੰ ?

ਧਰਮ ਦੀਆਂ ਵੰਡੀਆਂ ਪਾ ਰੱਖੀਆਂ ਹਨ, ਧਰਮ ਨੂੰ ਇਕ ਮਖੌਲ ਜਿਹਾ ਬਣਾ ਰਖਿਆ ਹੈ, ਦਿਖਾਵਾ ਜ਼ਿਆਦਾ ਹੋ ਗਿਆ, ਅਮਲੀ ਜੀਵਨ, ਮਨ ਦੀ ਸ਼ਰਧਾ, ਭਾਵਨਾ ਘਟਦੀ ਜਾ ਰਹੀ ਹੈ। ਦੇਖਾ ਦੇਖੀ ਅੰਧ ਵਿਸ਼ਵਾਸ਼, ਭੇਡ ਚਾਲ, ਗੁਰੂ ਸਾਹਿਬ ਆਖਦੇ ਹਨ ਮੇਰੇ ਸਿੱਖਾਂ ਵਿਚ ਵੀ ਆ ਗਈ ਹੈ। ਜੇ ਕੋਈ ਪਾਖੰਡੀ ਗੁਰਸਿੱਖ ਬਾਣਾ ਪਹਿਨਕੇ ਨਾਲ 108, 111 ਲਗਾ ਲੈਂਦਾ ਹੈ। ਦੁਨੀਆਂ ਉਸਦੇ ਮਗਰ ਦੌੜਦੀ ਹੈ। ਬਾਣੀ ਪੜ੍ਹਨ ਵਾਲੇ ਨਿਤਾ ਪ੍ਰਤੀ ਗੁਰੂ ਸਾਹਿਬ ਦੇ ਦਰਬਾਰ ਆਉਣ ਵਾਲੇ ਵੀ ਟਪਲਾ ਖਾ ਜਾਂਦੇ ਹਨ। ਉਹ ਵੀ ਪਾਖੰਡ ਦੇ ਮਗਰ ਤੁਰ ਪੈਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਗੁਰੂ ਸਾਹਿਬ ਨੇ ਪਾਖੰਡ ਦੀਆਂ ਧੱਜੀਆਂ ਉਡਾ ਕੇ ਰੱਖ ਦਿਤੀਆਂ ਹਨ। ਭਗਤਾਂ ਨੇ ਪਾਖੰਡ ਦਾ ਵਿਰੋਧ ਕੀਤਾ ਹੈ। ਫਿਰ ਸਾਡੇ ਸਿੱਖਾਂ ਨੂੰ ਕੀ ਹੋ ਗਿਆ ? ਜੇ ਕੋਈ ਬਾਣੀ ਪੜ੍ਹਨ ਵਾਲਾ ਪ੍ਰੇਮੀ ਹੈ, ਭਾਵੇਂ ਕੋਈ ਗੁਰੂ ਸਾਹਿਬ ਦਾ ਵਜ਼ੀਰ ਹੈ, ਕੋਈ ਮਹਾਨ ਵਿਦਵਾਨ ਹੈ, ਪਰਚਾਰਕ ਹੈ, ਉਸ ਦੀ ਕਹੀ ਹੋਈ ਗੱਲ ਮਨ ਤੇ ਅਸਰ ਨਹੀਂ ਕਰਦੀ, ਕਿਉਂਕਿ ਉਸਨੇ ਆਖਣਾ ਹੈ (ਗੁਰਬਾਣੀ ਗਾਵਹ ਭਾਈ) ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ। ਜਿਤਨਾ ਚਿਰ ਪਾਖੰਡ ਅੰਦਰੋਂ ਨਹੀਂ ਨਿਕਲਦਾ, ਅੰਧ ਵਿਸ਼ਵਾਸ਼ੀ ਖਤਮ ਨਹੀਂ ਹੁੰਦੀ, ਉਤਨਾ ਚਿਰ ਦੁਹਾਈ ਰੱਬ ਦੀ, ਅੰਮ੍ਰਿਤ ਨਹੀਂ ਮਿਲਣਾ। ਧਰਮ ਪੈਸੇ ਨਾਲ ਨਹੀਂ ਖਰੀਦਿਆ ਜਾਂਦਾ, ਖੁਸ਼ੀ ਪੈਸੇ ਦੀ ਮੁਥਾਜ ਨਹੀਂ, ਮਤਾ ਸਮਝੋ। ਇੱਕ ਸ਼ਰਧਾਵਾਨ ਪ੍ਰੇਮੀ ਪ੍ਰੇਮ ਭਾਵਨਾ ਨਾਲ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਮਨ ਤਨ ਧਨ ਨਾਲ ਸੇਵਾ ਕਰਦਾ ਹੈ ਪਰ ਦੂਸਰਾ ਆਖਦਾ ਹੈ ਕਿ ਕੀ ਮੈਂ ਇਹਦੇ ਨਾਲੋਂ ਘੱਟ ਹਾਂ ? ਮੈਂ ਕਿਉਂ ਪਿੱਛੇ ਰਹਾਂ, ਇਸਨੇ ਅਖੰਡ ਪਾਠ ਕਰਾਇਆ ਮੈਂ ਵੀ ਕਰਾਵਾਂ, ਅੰਦਰ ਈਰਖਾ ਦਵੈਸ਼, ਪੈਸੇ ਦਾ ਹੰਕਾਰ। ਗੁਰੂ ਜੀ ਆਖਦੇ ਹਨ (ਨਾਨਕ ਦੁਨੀਆ ਕੈਸੀ ਹੋਈ) ਗੁਰੂ ਨੂੰ ਪੈਸੇ ਨਾਲ ਤੋਲਣਾ ਸ਼ੁਰੂ ਕਰ ਦਿੱਤਾ ਹੈ। ਗੌਰਮਿੰਟ ਤੋਂ ਟੈਕਸ ਚੁਰਾਇਆ, ਨਵੀਂ ਕਾਰ ਲੈ ਲਈ, ਕਿਸੇ ਨਾਲ ਧੋਖਾ ਕਰ ਲਿਆ, ਉਹਦੇ ਵਿਚੋਂ ਗੁਰੂ ਨੂੰ ਭੇਟਾ ਕਰ ਕੇ ਸਮਝ ਲਿਆ ਮੈਂ ਛੁਟ ਜਾਵਾਂ, ਗੁਰੂ ਮੇਰੇ ਅਵਗੁਣ ਬਖਸ਼ ਦੇਵੇ। ਗੁਰੂ ਦਿਲ ਦੀਆਂ ਚਤੁਰਾਈਆਂ ਜਾਣਦਾ ਹੈ। (ਵਿਣੁ ਬੋਲਿਆ ਸਭੁ ਕਿਛੁ ਜਾਣਦਾ) ਘਟ ਘਟ ਕੇ ਅੰਤਰ ਕੀ ਜਾਨਤ।। ਭਲੇ ਬੁਰੇ ਕੀ ਪੀਰ ਪਛਾਨਤ।।

ਜਿਤਨਾ ਚਿਰ ਮਨ ਅੰਦਰ ਪਿਆਰ ਨਹੀਂ, ਸ਼ਰਧਾ ਭਾਵ ਨਹੀਂ, ਗਰੀਬਾਂ ਨਾਲ ਨਫ਼ਰਤ ਹੈ, ਪੈਸੇ ਦਾ ਹੰਕਾਰ ਹੈ, ਗੁਰੂ ਦਾ ਸਤਿਕਾਰ ਨਹੀਂ ਹੈ, ਗੁਰੂ ਕੇ ਸੇਵਕਾਂ ਦਾ ਨਿਰਾਦਰ ਹੈ, ਉਤਨਾ ਚਿਰ ਪਾਰ ਉਤਾਰਾ ਨਹੀਂ ਹੋਣਾ। ਥੋੜ੍ਹੇ ਦਿਨ ਹੋਏ ਦਾਸ ਨੂੰ ਇੱਕ ਧਾਰਮਿਕ ਸਮਾਗਮ ਤੇ ਜਾਣ ਦਾ ਅਵਸਰ ਮਿਲਿਆ। ਬਹੁਤ ਹੀ ਸੁਲਝੇ ਹੋਏ ਕੀਰਤਨੀ ਪਰਚਾਰਕ ਪਹੁੰਚੇ ਹੋਏ ਸਨ। ਦੀਵਾਨ ਸਜਿਆ ਹੋਇਆ ਸੀ, ਬੈਕੁੰਠ ਵਰਗਾ ਵਾਤਾਵਰਣ ਸੀ, ਵੈਸੇ ਵੀ ਗੁਰੂ ਜੀ ਦਾ ਮਹਾਂਵਾਕ ਹੈ :-

ਤਹਾ ਬੈਕੁੰਠੁ, ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ।।

ਪਰਚਾਰਕਾਂ ਨੇ ਸੰਗਤ ਨੂੰ ਕਿਹਾ ਭਾਈ ! ਮਾੜੇ ਕੰਮ ਕਰਨੋ ਹਟੋ, ਦਸਾਂ ਨਹੁੰਆਂ ਦੀ ਕਿਰਤ ਕਰੋ, ਗਰੀਬ ਮਾਰ ਨਹੀਂ ਕਰਨੀ, ਵੰਡ ਕੇ ਛਕਣਾ, ਗੁਰੂ ਦਾ ਉਪਦੇਸ਼ ਹੈ। ਮਾਇਆ ਨਾਲ ਨਹੀਂ ਜਾਣੀ, ਧੰਨ ਦੌਲਤ ਮਹਿਲ ਮਾੜੀਆਂ, ਸਾਰੇ ਸੁੱਖ ਦੇ ਸਾਧਨ ਇੱਥੇ ਧਰੇ ਧਰਾਏ ਰਹਿ ਜਾਣੇ ਹਨ। ਜਥਾ ਪਰਮਾਣ ਦੇ ਕੇ ਬੜੇ ਸੋਹਣੇ ਢੰਗ ਨਾਲ ਸਮਝਾ ਰਿਹਾ ਸੀ, ਵਿਚੋਂ ਇੱਕ ਬੰਦਾ ਉਠਿਆ ਅਤੇ ਕਹਿਣ ਲਗਾ, "ਭਾਈ ਜੀ ! ਤੁਸੀ ਸਾਡੇ ਤੇ ਅਟੈਕ ਕਰਦੇ ਹੋ। ਤੁਸੀਂ ਮੁੜ ਮੁੜ ਧੰਨ ਦੌਲਤ ਵਾਲਿਆਂ ਨੂੰ ਆਖਦੇ ਹੋ ਭਾਈ ਹੋ ਸਾਡੀ ਬਰਾਬਰੀ ਨਹੀ ਕਰ ਸਕਦੇ। ਦਾਸ ਨੂੰ ਬੜਾ ਮਨ ਅੰਦਰ ਰੋਸ ਆਇਆ। ਹੇ ਸੱਚੇ ਪਾਤਸ਼ਾਹ ! ਤੂੰ ਸੱਚ ਆਖਿਆ ( ਦੁਨੀਆ ਕੈਸੀ ਹੋਈ ) ਪਰ ਤੂੰ ਤਾਂ ਇਹ ਵੀ ਆਖਿਆ, 'ਭਲੇ ਭਲੇ ਰੇ



www.AKJ.Org

ਕੀਰਤਨੀਆ', ਤੂੰ ਆਪਣੇ ਸੇਵਕਾਂ ਨੂੰ ਕਿਤਨਾ ਮਾਣ ਬਖਸ਼ਿਆ ਹੈ। ਕੀਰਤਨੀਏ ਰੁਸ ਗਏ ਪੰਚਮ ਪਿਤਾ ਆਪ ਚਲ ਕੇ ਉਨ੍ਹਾਂ ਦੇ ਘਰ ਗਏ ਤੇ ਆਖਿਆ ਚਲੋ (ਗੁਰਬਾਣੀ ਗਾਵਹ ਭਾਈ) ਅਸੀਂ ਭਾਈ ਸ਼ਬਦ ਨੂੰ ਨੀਵੀਂ ਦ੍ਰਿਸ਼ਟੀ ਨਾਲ ਦੇਖਦੇ ਹਾਂ। ਭਾਈ ਸ਼ਬਦ ਉੱਚ ਪਦਵੀ ਦਾ ਪ੍ਰਤੀਕ ਹੈ। ਭਾਈ ਲਹਿਣਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਬਿਧੀ ਚੰਦ ਜੀ, ਇਹ ਪੰਥ ਦੀਆ ਉੱਚੀਆ ਹਸਤੀਆ ਹੋਈਆ ਹਨ, ਭਾਈ ਤਾ ਅਰਥ ਭਰਾ ਵੀ ਹੈ। ਗੁਰੂ ਸਾਹਿਬ ਨੇ ਭਾਈ ਸ਼ਬਦ ਵਰਤ ਕੇ ਇਹ ਸਿੱਧ ਕੀਤਾ ਹੈ ਕਿ ਮੇਰੇ ਵਿਚ ਤੇ ਮੇਰੇ ਸਿੱਖ ਵਿਚ ਜੇ ਕੋਈ ਰਿਸ਼ਤਾ ਹੈ- ਉਹ ਹੈ ਭਾਈ ਦਾ (ਅੰਮ੍ਰਿਤੁ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ) ਗੁਰੂ ਸਾਹਿਬ ਜੀ ਦਾ ਇਕ ਸੇਵਕ ਹੋਇਆ ਹੈ ਜਿਸ ਨੂੰ ਬਾਬਾ ਜੀ ਦਾ ਮਾਣ ਪ੍ਰਾਪਤ ਸੀ। ਗੁਰੂ, ਸਮਰੱਥ ਹੁੰਦਿਆਂ ਹੋਇਆਂ ਵੀ ਵਰ ਲੈਣ ਲਈ ਭੇਜਿਆ ਸੇਵਕ ਪਾਸ, ਵਰ ਦੀ ਜਗ੍ਹਾ ਸਰਾਪ ਮਿਲ ਗਿਆ। ਇੱਕ ਸਿੱਖ ਆ ਗਿਆ ਗੁਰੂ ਜੀ ਪਾਸ ਮਹਾਰਾਜ ਜਲੋਧਰ ਰੋਗ ਹੈ, ਪੇਟ ਵਿਚ ਪਾਣੀ ਭਰ ਗਿਆ ਹੈ ਕਿਰਪਾ ਕਰੋ ਦੁਖ ਦਰਦ ਨਵਿਰਤ ਕਰੋ। ਗੁਰੂ ਜੀ ਨੇ ਬਾਬਾ ਜੀ ਪਾਸ ਭੇਜ ਦਿੱਤਾ। ਬਾਬਾ ਜੀ ਉਸ ਸਮੇਂ ਘਾਹ ਖੋਤਦੇ ਸਨ। ਇਹ ਸਿੱਖ ਪਹੁੰਚ ਗਿਆ ਬਾਬਾ ਜੀ ਪਾਸ। ਦੂਰੋਂ ਹੀ ਦੇਖ ਕੇ ਕਹਿਣ ਲੱਗੇ, ਦੌੜ ਜਾ, ਇਥੋਂ ਦੂਰ, ਦੁੱਖ ਦੂਰ ਕਰਨ ਵਾਲਾ ਤਾਂ ਉਹੀ ਹੈ, ਜਿਹਨੇ ਭੇਜਿਆ ਹੈ। ਸਿੱਖ ਕੋਲ ਆਉਂਦਾ ਗਿਆ। ਬਾਬਾ ਜੀ ਆਖੀ ਜਾਣ ਦੌੜ ਜਾਹ.... ਸਿੱਖ ਖਲੋਤਾ ਰਿਹਾ.... ਬਾਬਾ ਜੀ ਨੇ ਦੇਖਿਆ, ਨਹੀਂ ਜਾਂਦਾ.... ਵਗਾਹ ਕੇ ਟੋਕਰਾ ਪੇਟ ਤੇ ਮਾਰਿਆ। ਟੋਕਰਾ ਵੱਜਦੇ ਹੀ ਸਾਰਾ ਪਾਣੀ ਨਿਕਲ ਗਿਆ। ਸਿੱਖ ਅਰੋਗ ਹੋ ਗਿਆ। ਬਾਬਾ ਜੀ ਆਖਦੇ ਹਨ ਕਿ ਗੁਰੂ ਸਾਹਿਬ ਵੀ ਅਜੀਬ ਹਨ, ਕਰਦੇ ਸਭ ਕੁਝ ਆਪ ਹੀ ਹਨ, ਮਾਣ ਬਖਸ਼ਦੇ ਹਨ ਸੇਵਕਾਂ ਨੂੰ।

ਸੋ ਪਿਆਰਿਓ ! ਮਤ ਨਿਰਾਦਰੀ ਕਰੋ ਗੁਰੂ ਕੇ ਸੇਵਕਾਂ ਦੀ। ਗੁਰੂ ਆਪਣੇ ਸੇਵਕਾਂ ਨੂੰ ਮਾਣ ਬਖਸ਼ਦੇ ਦੇਰ ਨਹੀਂ ਲਾਉਂਦਾ। ਬਰਾਬਰੀ ਤਾਂ ਇਕ ਪਾਸੇ ਰਹੀ, ਜੇ ਗੁਰੂ ਚਾਹਵੇ-

--ਕੀੜਾ ਥਾਪਿ ਦੇਇ ਪਾਤਿਸਾਹੀ,
ਲਸਕਰ ਕਰੇ ਸਆਹ
--ਭੇਖਾਰੀ ਤੇ ਰਾਜੁ ਕਰਾਵੈ,
ਰਾਜਾ ਤੇ ਭੇਖਾਰੀ
--ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ।।

ਗੱਲਾਂ ਕਰਨ ਨਾਲ ਚੰਗੇ ਨਹੀ ਬਣ ਸਕਣਾ। ਸਾਡਾ ਖਾਣਾ ਪੀਣਾ ਚੰਗਾ ਨਹੀ, ਮਲ ਭੱਖ ਖਾ ਕੇ ਚੰਗੇ ਬਣਦੇ ਹਾਂ ਨਿੰਦਾ ਬੁਰਾਈ ਉਨ੍ਹਾਂ ਦੀ ਕਰਦੇ ਹਾਂ ਜਿਹੜੇ ਅੱਠੇ ਪਹਿਰ ਰੰਗ ਵਿਚ ਰੱਤੇ ਰਹਿੰਦੇ ਹਨ। ਫਿਰ ਚੰਗਾ ਕੌਣ ਹੋਇਆ ਜੋ ਆਖਦਾ ਹੈ:-

--ਹਮ ਨਹੀ ਚੰਗੇ ਬੁਰਾ ਨਹੀ ਕੋਇ।।
--ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ।।
--ਮੈ ਕੀਤਾ ਨ ਜਾਤਾ ਹਰਾਮੁ ਖੋਰੁ।।
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।।

ਜਿਸ ਵਿਚ ਇਹ ਗੁਣ ਆ ਗਏ ਉਹ ਗੁਰੂ ਕਾ ਪਿਆਰਾ। ਗੁਰੂ ਉਸਦੇ ਸਦਾ ਖੁਸ਼ ਹੈ। ਜਿਹੜਾ ਮਾਇਆ ਦੇ ਨਸ਼ੇ ਵਿਚ ਇਹਨਾਂ ਗੱਲਾਂ ਤੋਂ ਮੁਨਕਰ ਹੈ ਉਸਨੂੰ ਸਾਹਿਬ ਆਖਦੇ ਹਨ:-

--ਮਾਇਆ ਧਾਰੀ ਅਤਿ ਅੰਨਾ ਬੋਲਾ।।
--ਸਬਦ ਨ ਸੁਣਈ ਬਹੁ ਰੋਲ ਘਚੋਲਾ।।
--ਇਹ ਠਗਵਾਰੀ ਬਹੁਤੁ ਘਰ ਗਾਲੇ।।
ਹਮੁ ਗੁਰਿ ਰਾਖਿ ਲੀਏ ਕਿਰਪਾਲੇ।।
--ਮਾਇਆ ਖੋਟੀ ਰਾਸਿ ਹੈ,
ਏਕ ਚਸੇ ਮਹਿ ਪਾਜੁ ਲਹਿ ਜਾਇ।।
--ਨਾਨਕ ਦੁਨੀਆ ਕੈਸੀ ਹੋਈ।।
ਸਾਲਕੁ ਮਿਤੁ ਨ ਰਹਿਓ ਕੋਈ।।
ਭਾਈ ਬੰਧੀ, ਹੇਤੁ ਚੁਕਾਇਆ।।
ਦੁਨੀਆ ਕਾਰਣ ਦੀਨੁ ਗਵਾਇਆ।।

ਦੁਨੀਆ ਦੀ ਵਡਿਆਈ ਮਾਇਆ ਹਮੇਸ਼ਾਂ ਨਹੀਂ ਰਹਿਣੀ, ਫਿਰ ਕਿਉਂ ਦੁਨੀਆਂ ਦੇ ਲੋਕ ਮਾਇਆ ਦਾ ਹੰਕਾਰ ਕਰਦੇ ਹਨ। ਇਸ ਨੇ ਬਹੁਤੇ ਘਰ ਖਰਾਬ ਕਰ ਦਿੱਤੇ, ਇਹ ਖੋਟੀ ਹੈ, ਇਹ ਠੱਗਦੀ ਹੈ, ਮੱਤ ਮਾਰ ਦਿੰਦੀ ਹੈ। ਗੁਰੂ ਵਾਲੇ ਪਾਸੇ ਨਹੀਂ ਆਉਣ ਦਿੰਦੀ। ਜਦੋਂ ਤੱਕ ਇਹ ਕੁਟਵਾਰੀ ਮਨੋ ਨਹੀਂ ਤਿਆਗਦੇ, ਗੁਰੂ ਦਾ ਸਤਿਕਾਰ, ਗੁਰ ਕੇ ਪੁਜਾਰੀਆਂ, ਪਰਚਾਰਕਾਂ ਦਾ ਸਤਿਕਾਰ ਨਹੀਂ ਕਰਦੇ, ਕਿਤੇ ਸ਼ਾਤੀ ਨਹੀਂ ਮਿਲੇਗੀ। ਜਿਥੇ ਮਰਜ਼ੀ ਦੇਹ ਧਾਰੀ ਗੁਰੂਆਂ ਕੋਲ ਚਲੇ ਜਾਓ। ਜਦੋਂ ਤਕ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਸ਼ਬਦ ਗੁਰੂ' ਦੀ ਸ਼ਰਨ ਨਹੀਂ ਆਉਂਦੇ ਪਾਰ ਉਤਾਰਾ ਨਹੀਂ ਹੋਣਾ।



www.AKJ.Org

# ਸੇਖਾ ਅੰਦਰਹੁ ਜੋਰੁ ਛਡਿ ਤੂ

(ਪ੍ਰਿੰ: ਗੁਰਮੁਖ ਸਿੰਘ)

ਸ਼ੇਖ ਇਸਲਾਮਿਕ ਗ੍ਰੰਥਾਂ ਦੇ ਵਿਦਵਾਨ ਨੂੰ ਕਹਿੰਦੇ ਹਨ, ਜਿਵੇਂ ਪੰਡਿਤ ਵੇਦਾਚਾਰੀਆ ਜਾਂ ਅੱਜਕੱਲ ਦੇ ਸਿੱਖ ਧਰਮ ਦੇ ਬੁੱਧੀਜੀਵੀ ਹਨ। ਬੁੱਧੀਜੀਵੀ ਧਰਮ ਦੇ ਸਿਧਾਂਤਕ ਪੱਖ ਦੀਆਂ ਡੂੰਘਾਈਆਂ ਤੱਕ ਤਾਂ ਚਲੇ ਜਾਂਦੇ ਹਨ ਪਰ ਆਤਮਿਕ ਤੌਰ ਤੇ ਅਭਿੱਜ ਰਹਿ ਜਾਂਦੇ ਹਨ। ਐਸੇ ਕੋਰੇ ਲੋਗਾਂ ਨੂੰ ਗੁਰੂ ਅਮਰਦਾਸ ਜੀ ਹੇਠਲੇ ਸਲੋਕ ਰਾਹੀਂ ਸੰਬੋਧਨ ਕਰਦੇ ਹਨ :-

ਸੇਖਾ ਅੰਦਰਹੁ ਜੋਰੁ ਛਡਿ ਤੂ
ਭਉ ਕਰਿ ਝਲੁ ਗਵਾਇ।।
ਗੁਰ ਕੈ ਭੈ ਕੇਤੇ ਨਿਸਤਰੇ,
ਭੈ ਵਿਚਿ ਨਿਰਭਉ ਪਾਇ।।
ਮਨੁ ਕਠੋਰੁ ਸਬਦਿ ਭੇਦਿ ਤੂੰ
ਸਾਂਤਿ ਵਸੈ ਮਨਿ ਆਇ।।
ਸਾਂਤੀ ਵਿਚਿ ਕਾਰ ਕਮਾਵਣੀ,
ਸਾ ਖਸਮੁ ਪਾਏ ਥਾਇ।।
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ
ਪੁਛਹੁ ਗਿਆਨੀ ਜਾਇ।।

(ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੧)

ਰੂਹਾਨੀ ਮਾਰਗ ਉੱਤੇ ਚੱਲਣ ਵਾਲੇ ਲਈ ਸੱਭ ਤੋਂ ਜ਼ਰੂਰੀ ਗੱਲ ਹੁੰਦੀ ਹੈ ਨਿਮਰਤਾ, ਸਤਿ ਸੰਤੋਖ ਅਤੇ ਗੁਰੂ ਲਈ ਭੈ ਭਾਵਨੀ। ਬਹੁਤਾ ਸੰਸਾਰਕ ਗਿਆਨ ਜਾਂ ਧਾਰਮਿਕ ਗਿਆਨ ਭੀ ਇਕ ਤਰ੍ਹਾਂ ਦੀ ਹਉਮੈ ਪੈਦਾ ਕਰ ਦਿੰਦਾ ਹੈ। ਜਦੋਂ ਅੰਦਰ ਹਉਮੈ ਦਾ ਨਿਵਾਸ ਹੋ ਜਾਂਦਾ ਹੈ ਉਥੇ ਇਹੋ ਜਿਹੇ ਨਿਰਮਲ ਗੁਣ ਨਹੀਂ ਵਸਦੇ। ਇਹ ਸਾਰੇ ਗੁਣ ਨਾਮ ਦੇ ਮਨੁੱਖੀ ਹਿਰਦੇ ਅੰਦਰ ਪ੍ਰਵੇਸ਼ ਕਰਨ ਤੇ ਹੀ ਗੁਰ ਕਿਰਪਾ ਰਾਹੀਂ ਅੰਦਰ ਆ ਵਸਦੇ ਹਨ। ਗੁਰਮਤਿ ਦਾ ਨਿਰਣਾ ਹੈ ਕਿ *"ਕੇਵਲ ਧਰਮ ਪੁਸਤਕਾਂ ਦੇ ਪੜ੍ਹਨ ਨਾਲ ਹਰੀ ਮਿਲ ਪੈਂਦਾ ਹੈ"* ਗਲਤ ਹੈ।

ਪੜਿਐ ਮੈਲੁ ਨ ਉਤਰੈ
ਪੂਛਹੁ ਗਿਆਨੀਆ ਜਾਇ।।
ਮਨਿ ਮੈਲੈ ਭਗਤਿ ਨ ਹੋਵਈ
ਨਾਮੁ ਨ ਪਾਇਆ ਜਾਇ।।

(ਸਿਰੀ ਰਾਗੁ ਮ: ੩, ਪੰਨਾ ੩੯)

ਬਹੁਤਾ ਪੜ੍ਹਨ ਗੁੜ੍ਹਨ ਨਾਲ ਸਗੋਂ ਮਨ ਨੂੰ ਹਉਮੈ ਦੀ ਮੈਲ ਲੱਗਣ ਲੱਗ ਜਾਂਦੀ ਹੈ ਪਰ ਇਸਦਾ ਪਤਾ ਨਹੀਂ ਲੱਗਦਾ। ਪਤਾ ਉਦੋਂ ਹੀ ਲੱਗਦਾ ਹੈ ਜਦੋਂ ਉਹ ਵਿਦਵਾਨ ਦੂਜੇ ਵਿਦਵਾਨਾਂ ਨਾਲ ਹੌਲੀ ਹੌਲੀ ਈਰਖਾ ਅਤੇ ਨਫ਼ਰਤ ਕਰਨ ਲੱਗ ਪੈਂਦਾ ਹੈ। ਅਨਪੜ੍ਹਾਂ ਜਾਂ ਘੱਟ ਪੜ੍ਹਿਆਂ ਦੀ ਤਾਂ ਗੱਲ ਹੀ ਕੋਈ ਨਹੀਂ। ਫ਼ੁਰਮਾਨ :

ਹਉ ਪੰਡਿਤੁ ਹਉ ਚਤੁਰੁ ਸਿਆਣਾ।।
ਕਰਣੈਹਾਰੁ ਨ ਬੁਝੈ ਬਿਗਾਨਾ।।

(ਗਉੜੀ ਗੁਆਰੇਰੀ ਮ: ੫, ਪੰਨਾ ੧੭੮)

ਪੜਿਆ ਮੂਰਖੁ ਆਖੀਐ
ਜਿਸੁ ਲਬੁ ਲੋਭੁ ਅਹੰਕਾਰਾ।।

(ਵਾਰ ਮਾਝ ਕੀ, ਪੰਨਾ ੧੪੦)

ਗੁਰਮਤਿ ਅਨੁਸਾਰ ਹਰ ਪ੍ਰਾਣੀ ਲਈ ਗੁਰੂ ਤੋਂ ਦੀਖਿਅਤ ਹੋਣਾ (ਅੰਮ੍ਰਿਤਪਾਨ ਕਰਨਾ) ਲਾਜ਼ਮੀ ਹੈ। ਸਿੱਖਾਂ ਦੇ ਘਰ ਜਨਮ ਲੈਣਾ ਕਾਫੀ ਨਹੀਂ। ਸਤਿਗੁਰੂ ਜੀ ਦੇ ਘਰ ਅੰਮ੍ਰਿਤ ਛਕ ਕੇ ਪ੍ਰਾਣੀ ਦਾ ਨਵਾਂ ਜਨਮ ਹੁੰਦਾ ਹੈ, ਜਦੋਂ ਉਹ ਸਤਿਗੁਰੂ ਜੀ ਦੀ ਬਾਣੀ ਦੀ ਅਗਵਾਈ ਵਿੱਚ ਆਤਮਿਕ ਕਮਾਈ ਆਰੰਭ ਕਰਦਾ ਹੈ। ਜਿਹੜੇ ਅੰਮ੍ਰਿਤ ਛਕਣ ਤੋਂ ਸੰਸਾਰਕ ਲਾਭ ਹਾਨੀ ਨੂੰ ਮੁੱਖ ਰੱਖ ਕੇ ਸੰਕੋਚਦੇ ਸੰਕੋਚਦੇ ਮਰ ਜਾਂਦੇ ਹਨ ਉਹ ਆਪਣਾ ਮਨੁੱਖੀ ਜਨਮ ਅਜਾਈਂ ਗਵਾ ਲੈਂਦੇ ਹਨ। ਅੱਜ ਵਿਚਾਰ ਇਹ ਕਰਨ ਯੋਗ ਹੈ ਕਿ ਜਿਹੜੇ ਅੰਮ੍ਰਿਤ ਛਕ ਕੇ ਕਈ ਕਈ ਸਾਲ ਰਹਿਤ ਰਹਿਣੀ ਵਿੱਚ ਸਾਵਧਾਨ ਹੋ ਕੇ, ਅੰਮ੍ਰਿਤ ਵੇਲੇ ਦੀ ਸੰਭਾਲ ਵਿੱਚ ਵੀ ਠੀਕ ਰਹਿੰਦੇ ਹਨ, ਉਨ੍ਹਾਂ ਵਿੱਚ ਜਦੋਂ ਮਨ ਦੇ ਹੱਠ, ਮਨ ਦੇ ਕ੍ਰੋਧ, ਮਨ ਦੀ ਹਉਮੈ ਮੈਲ, ਵਿਚੋਂ ਉਪਜੇ ਵਖਰੇਵੇਂ, ਝਗੜੇ, ਆਦਿ ਵੇਖੀਦੇ ਹਨ, ਕੰਬ ਜਾਈਦਾ ਹੈ। ਜਦੋਂ ਇੱਕ ਅੰਮ੍ਰਿਤਧਾਰੀ ਸਿੰਘ ਦੂਜੇ ਅੰਮ੍ਰਿਤਧਾਰੀ ਵੀਰਾਂ ਅਤੇ ਭੈਣਾਂ ਨਾਲ ਝਗੜਾ ਕਰਦਾ ਹੈ, ਮਾਰਨ ਦੀਆਂ ਧਮਕੀਆਂ ਦਿੰਦਾ ਹੈ, ਮੂੰਹੋਂ ਗਾਲੀ ਗਲੋਚ ਭੀ ਕੱਢਦਾ ਹੈ, ਫਿੱਕੇ ਬੋਲ ਬੋਲਕੇ ਸਿੰਘਾਂ ਦੇ ਤੇ ਆਮ ਮਨੁੱਖਾਂ ਦੇ ਦਿਲ ਦੁਖਾਉਂਦਾ ਫਿਰਦਾ ਹੈ, ਉਥੇ ਇਹ ਸੋਚਣਾ ਪਵੇਗਾ ਕਿ ਉਸ ਸਿੰਘ ਦੀ ਨਾਮ ਕਮਾਈ ਵਿੱਚ ਕਿਥੇ ਉਕਾਈ ਰਹਿ ਗਈ ਹੈ ? ਨਾਮ ਜਪ ਕੇ, ਬਾਣੀ ਦਾ ਅਭਿਆਸੀ ਬਣ ਕੇ ਜੇਕਰ ਸਾਡੇ ਅੰਦਰ ਨਿਮਰਤਾ ਨਹੀਂ ਆਈ, ਸਾਡੀ ਬੋਲਚਾਲ ਵਿੱਚ ਮਿਠਾਸ ਨਹੀਂ ਆਈ, ਅਸੀਂ ਹੋਰਾਂ ਨਾਲੋਂ ਆਪਣੇ ਆਪ ਨੂੰ ਚੰਗਾ ਸਮਝਦੇ ਹਾਂ ਅਤੇ ਦੂਜਿਆਂ ਨੂੰ



www.AKJ.Org

ਘਟੀਆ, ਤਾਂ ਜਾਣੋ ਅਸੀਂ ਕੁਰਾਹੇ ਪੈ ਚਲੇ ਹਾਂ। ਜੇ ਕੋਈ ਸਿੰਘ ਦੂਜਿਆਂ ਦੀ ਰਹਿਤ ਰਹਿਣੀ ਦੀ ਪਰਖ ਪੜਚੋਲ ਕਰਨਾ ਹੀ ਆਪਣਾ ਸ਼ੁਗਲ ਬਣਾ ਕੇ ਆਪਣੇ ਛੋਟੇ ਜਿਹੇ ਸਰਕਲ ਵਿੱਚ ਵੱਡਾ ਵੱਡਾ ਅਖਵਾਉਣ ਦੇ ਰਾਹ ਉੱਤੇ ਚੱਲ ਪਵੇ ਤਾਂ ਉਸਦੀ ਪਰਖ ਕੌਣ ਕਰੇਗਾ ? ਜੇ ਗੁਰੂ ਵਾਲੇ ਬਣ ਕੇ ਸਾਡੇ ਮਨ ਅੰਦਰ ਅਜੇ ਭੀ ਟਿੱਬੇ ਟੋਏ ਹਨ, ਤਾਂ ਫਿਰ ਜੀਵਨ ਸਫਲ ਹੋਣ ਵਿੱਚ ਕਾਫੀ ਦੇਰ ਲੱਗੇਗੀ। ਖਬਰੇ ਕਈ ਜਨਮ ਲੱਗ ਜਾਣ।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ।।
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ।।੭੪।।
(ਪੰਨਾ ੧੩੮੧)

ਵੀਚਾਰ ਕਰਨ ਯੋਗ ਪ੍ਰਸ਼ਨ ਇਹੋ ਹੈ, ਕੀ ਅਸੀਂ ਮਨ ਨੂੰ ਮੈਦਾਨ ਕੀਤੇ ਬਿਨਾਂ, ਮਨ ਵਿਚੋਂ ਦੂਜਿਆਂ ਪ੍ਰਤੀ ਸਾਡੀਆਂ ਬਣੀਆਂ ਮੰਦੀਆਂ ਧਾਰਨਾਵਾਂ ਖਤਮ ਕੀਤੇ ਬਿਨਾਂ, ਇਸ ਸੰਸਾਰ ਤੋਂ ਤੁਰ ਜਾਣ ਵਿੱਚ ਜੀਵਨ ਯਾਤਰਾ ਸਫਲ ਸਮਝੀ ਬੈਠੇ ਹਾਂ ? ਇਹੋ ਸਾਡੀ ਭੁੱਲ ਹੈ। ਅੰਮ੍ਰਿਤ ਪਾਨ ਕਰਕੇ ਅਤੇ ਨਾਮ ਜਪ ਕੇ ਭੀ ਸਾਡੇ ਮਨ ਅੰਦਰ ਸਾਡੇ ਪੁਰਾਣੇ ਸੰਸਕਾਰ ਅਜੇ ਡੇਰਾ ਲਾਈ ਬੈਠੇ ਹਨ। ਆਪਣੇ ਵਰਤ ਵਰਤਾਰੇ ਉੱਤੇ ਪੜਚੋਲਵੀਂ ਝਾਤ ਮਾਰਨ ਦੀ ਅਤਿ ਲੋੜ ਹੈ ਕਿਉਂਕਿ ਅਸੀਂ ਮਨ ਕਰਕੇ ਅਜੇ ਗੁਰੂ ਅਨੁਸਾਰੀ ਨਹੀਂ ਬਣੇ ਉਪਰੋਂ ਭਾਵੇਂ ਅਸੀਂ ਦੇਖਣ ਵਿੱਚ ਬੜੇ ਗੁਰਮੁਖ ਅਤੇ ਬੜੇ ਅਭਿਆਸੀ ਲੱਗਦੇ ਹਾਂ। ਪਰ ਅੰਦਰੋਂ ਅਸੀਂ ਕੋਰੇ ਹਾਂ, ਨਾਮ ਦਾ ਰੰਗ ਅਤੇ ਨਹੀਂ ਚੜ੍ਹਿਆ, ਅੰਮ੍ਰਿਤ ਛਕ ਕੇ ਭੀ ਅਸੀਂ ਸੰਸਾਰਕ ਬਿਰਤੀ ਨਹੀਂ ਤਿਆਗੀ ਕਿਉਂਕਿ ਗੁਰਬਾਣੀ ਨੇ ਨਾਮ ਵਿੱਚ ਰੰਗੇ ਹੋਏ ਦੀ ਨਿਸ਼ਾਨੀ ਦੱਸੀ ਹੈ-

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ।।
(ਵਡਹੰਸ ਮ: ੧, ਅੰਕ ੫੫੭)

ਗੁਰਮਤਿ ਮਾਰਗ ਦਾ ਪ੍ਰਧਾਨ ਲਛਣ ਹੈ ਜਿੱਥੇ ਇਸ ਦਾ ਧਾਰਨੀ ਨਿਰਭਉ ਹੋ ਜਾਂਦਾ ਹੈ ਉਥੇ ਉਸ ਲਈ ਲਾਜ਼ਮੀ ਹੈ ਕਿ ਉਹ ਹਰ ਤਰ੍ਹਾਂ ਨਿਰਵੈਰ ਹੋ ਕੇ ਭੀ ਵਰਤੇ। ਸੰਤ ਤੇਜਾ ਸਿੰਘ ਜੀ ਨੇ ਜੀਵਨ ਕਥਾ ਸੰਤ ਅਤਰ ਸਿੰਘ ਮਸਤੂਆਣਾ ਵਿਚ ਆਪਣੇ ਬਾਰੇ ਇਕ ਬੜੀ ਖੂਬਸੂਰਤ ਗੱਲ ਲਿਖੀ ਹੈ। ਜਦੋਂ ਸੰਤ ਜੀ ਨੂੰ ਆਪ ਨੇ ਬੇਨਤੀ ਕੀਤੀ ਕਿ ਮੈ ਹੁਣ ਪਰਮਾਤਮਾ ਦੀ ਭਗਤੀ ਕਰਨਾ ਚਾਹੁੰਦਾ ਹਾਂ ਤਾਂ ਸੰਤਾਂ ਨੇ ਸਭ ਤੋਂ ਪਹਿਲੀ ਸ਼ਰਤ ਹੀ ਇਹ ਰੱਖੀ ਕਿ ਭਗਤੀ ਆਰੰਭ ਕਰਨ ਤੋਂ ਪਹਿਲਾਂ ਮਨ ਨੂੰ ਮੈਦਾਨ ਕਰਨਾ ਪਵੇਗਾ। ਜੇ ਤੁਹਾਡੇ ਅੰਦਰ ਨੈਤਿਕ ਜੁਰਅਤ (Moral courage) ਹੈ ਤਾਂ ਆਪਣੇ ਦੁਸ਼ਮਣਾਂ ਨਾਲ ਵੈਰ ਭਾਵਨਾ ਮਿਟਾ ਕੇ ਆਵੋ। (ਪ੍ਰਿੰਸੀਪਲ) ਸੰਤ ਤੇਜਾ ਸਿੰਘ ਜੀ, ਸੰਤ ਅਤਰ ਸਿੰਘ ਜੀ ਤੋਂ ਆਗਿਆ ਲੈ ਕੇ ਆਪਣੇ ਸਾਕ ਸੰਬੰਧੀਆਂ ਅਤੇ ਹੋਰਨਾਂ ਨਾਲ ਵੈਰ ਭਾਵ ਮਿਟਾ ਕੇ ਹੀ ਵਾਪਸ ਮੁੜੇ। ਉਨ੍ਹਾਂ ਪਾਸੋਂ ਖਿਮਾ ਮੰਗ ਕੇ ਅਤੇ ਆਪਣੀ ਹਉਮੈ ਨੂੰ ਉਹਨਾਂ ਦੇ ਪੈਰਾਂ ਹੇਠ ਮਧੋਲਣਾ ਪ੍ਰਵਾਨ ਕੀਤਾ, ਕਿਉਂਕਿ ਟੋਏ ਟਿੱਬੇ ਪੱਧਰੇ ਕੀਤੇ ਬਿਨਾਂ ਆਤਮਿਕ ਤਰੱਕੀ ਮੁਮਕਿਨ ਨਹੀਂ ਹੁੰਦੀ। ਇਹੋ ਜੇਹੀਆਂ ਗੁਰਮਤੀ ਰਮਜ਼ਾਂ ਪੁਰਾਤਨ ਗੁਰਸਿੱਖਾਂ ਦੀਆਂ ਜੀਵਨੀਆਂ ਵਿਚੋਂ ਹੀ ਲੱਭਦੀਆਂ ਹਨ।

ਜਿਨ੍ਹਾਂ ਨੇ ਭਗਤੀ ਕਰਕੇ ਹਰ ਇਕ ਵਿੱਚ ਉਸ ਪ੍ਰਭੂ ਨੂੰ ਸਾਖਿਅਤ ਦੇਖਣਾ ਹੈ, ਉਸ ਲਈ ਵੈਰ ਵਿਰੋਧ ਕਾਇਮ ਰੱਖਣੇ ਸ਼ੋਭਦੇ ਭੀ ਨਹੀਂ। ਗੁਰ ਫੁਰਮਾਨ ਹੈ-

ਵਵਾ ਵੈਰੁ ਨ ਕਰੀਐ ਕਾਹੂ।।
ਘਟ ਘਟ ਅੰਤਰਿ ਬ੍ਰਹਮ ਸਮਾਹੂ।।
ਵੈਰ ਵਿਰੋਧ ਮਿਟੇ ਤਿਹ ਮਨ ਤੇ।।
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।।
ਵਰਨ ਚਿਹਨ ਸਗਲਹ ਤੇ ਰਹਤਾ।।
ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ।।
(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯-੬੦)

ਆਉ ਆਪਣੇ ਅੰਦਰ ਝਾਤੀ ਮਾਰੀਏ, ਸਵੈ ਪੜਚੋਲ ਕਰੀਏ ਭਗਤੀ ਕਰਦੇ ਕਰਦੇ ਕਿਤੇ ਕੋਈ ਕਿਸੇ ਨਾਲ ਵੈਰ ਭਾਵ ਤਾਂ ਨਹੀਂ ਬਣਾਈ ਬੈਠੇ ? ਜੇ ਕਿਸੇ ਨਾਲ ਅਸਾਂ ਦੁਰਵਿਹਾਰ ਕੀਤਾ ਹੈ ਤਾਂ ਉਸ ਪਾਸੋਂ ਖਿਮਾਂ ਮੰਗਣਾ ਬਣਦਾ ਹੈ। ਕਿਤੇ ਇਹ ਤਾਂ ਨਹੀਂ ਜਿਵੇਂ ਸ੍ਰੀ ਸੁਖਮਨੀ ਸਾਹਿਬ ਦੀ ਚੌਥੀ ਅਸ਼ਟਪਦੀ ਦੀ ਪੰਜਵੀਂ ਪੌੜੀ ਵਿੱਚ ਜੋ ਚਿਤਰ ਚਿਤਰਿਆ ਗਿਆ ਹੈ ਉਹ ਸਾਡਾ ਹੀ ਹੋਵੇ ?

ਕਰਤੂਤਿ ਪਸੂ ਕੀ ਮਾਨਸ ਜਾਤਿ।।
ਲੋਕ ਪਚਾਰਾ ਕਰੈ ਦਿਨੁ ਰਾਤਿ।।
ਬਾਹਰਿ ਭੇਖ ਅੰਤਰਿ ਮਲੁ ਮਾਇਆ।।
ਛਪਸਿ ਨਾਹਿ ਕਛੁ ਕਰੈ ਛਪਾਇਆ।।
ਬਾਹਰਿ ਗਿਆਨ ਧਿਆਨ ਇਸਨਾਨ।।
ਅੰਤਰਿ ਬਿਆਪੈ ਲੋਭੁ ਸੁਆਨੁ।।

(ਬਾਕੀ ਪੰਨਾ ੪੦ ਤੇ..........)



www.AKJ.Org

# ਗੁਰਸਿੱਖੀ ਬਾਣਾ

(ਸੁਸ਼ੀਲ ਕੌਰ)

ਇੱਕ ਫੌਜੀ ਵਰਦੀ ਪਾ ਕੇ ਫੌਜੀ ਜੀਵਨ ਨਾਲ ਜੁੜ ਜਾਂਦਾ ਹੈ। ਵਰਦੀ ਦੀ ਸ਼ਾਨ ਦਾ ਖਿਆਲ ਉਸ ਨੂੰ ਦੇਸ਼ ਦੀਆਂ ਸਰਹੱਦਾਂ ਉੱਤੇ ਜਾਨ ਵਾਰਨ ਦੇ ਕਾਬਿਲ ਬਣਾ ਦਿੰਦਾ ਹੈ। ਪੁਲਿਸ ਦੀ ਵਰਦੀ ਪਾ ਕੇ, ਪੁਲਿਸ ਵਾਲੇ ਆਪਣੇ ਹੱਕਾਂ ਅਤੇ ਫਰਜ਼ਾਂ ਦਾ ਅਹਿਸਾਸ ਕਰਦੇ ਹਨ। ਇਸੇ ਤਰ੍ਹਾਂ ਹੀ ਸਾਧੂ, ਸੰਤ, ਕਲਾਕਾਰ ਜਾਂ ਦੁਨੀਆਂ ਦਾ ਹਰ ਬੰਦਾ ਆਪੋ ਆਪਣੇ ਪਹਿਰਾਵੇ ਰਾਹੀਂ ਆਪੋ ਆਪਣੀ ਸੰਸਥਾਂ ਜਾਂ ਕਿੱਤੇ ਦਾ ਪ੍ਰਗਟਾਵਾ ਕਰਦਾ ਹੈ।

ਅੰਮ੍ਰਿਤਧਾਰੀਆਂ ਦਾ ਬਾਣਾ ਅਤੇ ਕਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬੇਮਿਸਾਲ ਸਖਸ਼ੀਅਤ ਦੇ ਉੱਚੇ ਸੁੱਚੇ ਗੁਣਾਂ ਦੇ ਪ੍ਰਤੀਕ ਹਨ। ਇਸ ਬਾਣੇ ਅਤੇ ਕਕਾਰਾਂ ਦੀਆਂ ਬੜੀਆਂ ਬਖਸ਼ਿਸ਼ਾਂ ਹਨ। ਅੰਮ੍ਰਿਤ ਛਕਦਿਆਂ ਹੀ, ਚਿੜੀਆਂ ਤੋਂ ਬਾਜ਼ ਤੁੜਵਾਉਣ ਵਾਲੀ ਅਤੇ ਸਵਾ ਸਵਾ ਲੱਖ ਨਾਲ ਇਕ ਇਕ ਨੂੰ ਲੜਾਉਣ ਵਾਲੀ ਸ਼ਕਤੀ ਨਾਲ ਭਰਨ ਲਈ ਪੰਥ ਦਾ ਵਾਲੀ ਭਗਤੀ ਅਤੇ ਸ਼ਕਤੀ ਦੀਆਂ ਰਹਿਮਤਾਂ ਦੇ ਭੰਡਾਰਾਂ ਨਾਲ ਮਾਲੋ ਮਾਲ ਕਰ ਦਿੰਦਾ ਹੈ। ਬਿਰਦ ਬਾਣੇ ਦੀ ਲਾਜ ਅਤੇ ਸ਼ਾਨ ਬਰਕਰਾਰ ਰੱਖਣ ਲਈ ਅੰਮ੍ਰਿਤ ਦਾ ਦਾਤਾ ਅੰਮ੍ਰਿਤਧਾਰੀਆਂ ਨੂੰ ਆਪਣਾ ਬਲ ਦਿੰਦਾ ਹੈ, ਆਪਣਾ ਰੰਗ ਦਿੰਦਾ ਹੈ, ਅੰਤਰ ਆਤਮੇ ਅਕਾਲ ਪੁਰਖ ਨਾਲ ਜੋੜ ਕੇ ਸਿਰਜਣਹਾਰ ਦੀ ਸੋਹਣੀ ਕਾਇਨਾਤ ਨੂੰ ਹੋਰ ਸੋਹਣਾ ਬਣਾਉਣ ਲਈ ਜੱਗ ਦੇ ਵਿਹੜੇ ਵਿਚੋਂ ਜ਼ੁਲਮ ਦੇ ਕੰਡੇ ਚੁਗ ਕੇ ਸੱਚ ਦੇ ਫੁੱਲ ਖਿੜਾਉਣ ਦੀ ਸਮਰੱਥਾ ਬਖਸ਼ਦਾ ਹੈ। ਅਕਾਲ ਪੁਰਖ ਦੀ ਖਾਲਸਾ ਫੌਜ ਵਿੱਚ ਭਰਤੀ ਹੋ ਜਾਂਦੀ ਹੈ। ਜ਼ੁਲਮ ਦੇ ਖਿਲਾਫ਼ ਜੰਗ ਛੇੜੀ ਰੱਖਣ ਦੇ ਹੁਕਮਾਂ ਦੀ ਪਾਲਣਾ ਹੁੰਦੀ ਹੈ। ਅੰਮ੍ਰਿਤ ਦਾ ਦਾਤਾ ਰਹਿਣੀ ਵਿੱਚ ਪੱਕਿਆਂ ਰਹਿਣ ਵਾਲਿਆਂ ਦੀ ਤਾਂ ਚਾਕਰੀ ਕਰਨ ਦੀ ਵੀ ਪ੍ਰਤਿਗਿਆ ਕਰਦਾ ਹੈ-

ਰਹਿਣੀ ਰਹੇ ਸੋਈ ਸਿਖ ਮੇਰਾ,
ਓਹ ਸਾਹਿਬ ਮੈ ਉਸਕਾ ਚੇਰਾ।

ਤੇ ਨਾਲ ਹੀ ਖਾਲਸਾਈ ਬਾਣੇ ਵਾਲੇ ਨਿਆਰੇ ਖਾਲਸੇ ਨੂੰ ਬਾਕੀਆਂ ਵਿੱਚ ਰਲਣ ਤੋਂ ਰੋਕਦਿਆਂ ਹੋਇਆ ਕਿਹਾ ਹੈ-

ਜਬ ਲਗ ਖਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਓ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈ ਨਾ ਕਰੋਂ ਇਨ ਕੀ ਪਰਤੀਤ।।

ਖਾਲਸਾ ਕਲਗੀਧਰ ਪਾਤਸ਼ਾਹ ਦਾ ਖਾਸ ਰੂਪ ਹੈ-

ਖਾਲਸਾ ਮੇਰੋ ਰੂਪ ਹੈ ਖਾਸ।।
ਖਾਲਸੇ ਮਹਿ ਹੌਂ ਕਰੌਂ ਨਿਵਾਸ।।

ਬਾਣਾ ਪਾ ਕੇ ਅਸੀਂ ਗੁਰੂ ਦੇ ਹੋ ਜਾਂਦੇ ਹਾਂ ਅਤੇ ਉਹ ਸਾਡਾ ਹੋ ਜਾਂਦਾ ਹੈ। ਅੰਮ੍ਰਿਤ ਦਾ ਦਾਤਾ ਅੰਮ੍ਰਿਤਧਾਰੀਆਂ ਦੇ ਕਰਮਾਂ ਰੂਪੀ ਖੇਤਾਂ ਵਿੱਚ ਦਇਆ, ਧਰਮ, ਸੇਵਾ, ਤਿਆਗ ਅਤੇ ਕੁਰਬਾਨੀ ਦੇ ਬੀ ਬੀਜ ਕੇ ਆਪਣੇ ਪਿਆਰ ਦੇ ਮੀਂਹ ਨਾਲ ਸਿੰਜਦਾ ਰਹਿੰਦਾ ਹੈ। ਖੰਨਿਅਹੁ ਤਿਖੇ-ਵਾਲਹੁ ਨਿੱਕੇ ਗੁਰਸਿੱਖੀ ਜੀਵਨ ਦੀ ਸਖਤ ਘਾਲਣਾ ਦੀ ਗੋਡੀ ਕਰਵਾਉਂਦਾ ਹੈ ਤੇ ਫਿਰ ਨਾਮ ਬਾਣੀ ਦੇ ਰਸ ਦੀ ਨਮੀ ਨਾਲ ਤਰ ਹੋਈਆਂ ਫਸਲਾਂ ਸਿਮਰਨ ਦੀ ਰੌਅ ਵਿੱਚ ਲਹਿ ਲਹਾਉਂਦੀਆਂ ਹਨ। ਹਵਾ ਦੇ ਗਲ ਜੱਫੀਆਂ ਪਾ ਕੇ ਖੰਡੇ ਖੜਕਾਉਂਦੀਆਂ ਹਨ। ਜਦੋਂ ਦੈਵੀ ਗੁਣਾਂ ਦੇ ਇਲਾਹੀ ਫੁੱਲਾਂ ਅਤੇ ਫਲਾਂ ਨਾਲ ਦੁਨੀਆਂ ਨੂੰ ਰੁਸ਼ਨਾਉਂਦੀਆਂ ਫਸਲਾਂ ਦੀ ਜਗ ਮਗ ਦੂਰ ਤੱਕ ਫੈਲਦੀ ਹੈ ਤਾਂ ਇਨ੍ਹਾਂ ਦੀ ਲਹਿ ਲਹਿ ਕਰਦੀ ਹਰਿਆਵਲ ਅਤੇ ਫੁੱਲਾਂ ਫਲਾਂ ਦਾ ਨਾਸ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਖੂੰਖਾਰ ਜਾਨਵਰਾਂ ਦੀ ਭੁੱਖ ਤੇਜ਼ ਹੋ ਜਾਂਦੀ ਹੈ। ਸਭ ਕੁੱਝ ਹੜੱਪ ਕਰਕੇ ਖੇਤਾਂ ਨੂੰ ਉਜਾੜਨ ਲਈ ਉਹ ਦੌੜੇ ਆਉਂਦੇ ਹਨ। ਪਰ ਅਗੋਂ ਸਿਮਰਨ ਦੀ ਸ਼ਕਤੀ ਵਿੱਚ ਬੱਝੀ ਹੋਈ, ਬਾਣੀ-ਬਾਣੇ ਅਤੇ ਕਕਾਰਾਂ ਦੀ ਮਜ਼ਬੂਤ ਵਾੜ ਇਨ੍ਹਾਂ ਮਹਾਂ ਬਲੀਆਂ ਨੂੰ ਰੋਕ ਦਿੰਦੀ ਹੈ। ਆਪਣੀ ਭੁੱਖ ਮਿਟਾਣ ਲਈ ਕਈ ਵਾਰੀ ਇਹ ਰਲ ਕੇ ਵੀ ਹਮਲਾਂ ਕਰਦੇ ਹਨ, ਪਰ ਵਾੜ ਦੀ ਮਜ਼ਬੂਤੀ ਅਤੇ ਵਾੜ ਦੇ ਰਾਖੇ ਦੀ ਹਿੰਮਤ ਇਨ੍ਹਾਂ ਭਿਅੰਕਰ ਯੋਧਿਆਂ ਦੀ ਕੋਈ ਪੇਸ਼ ਨਹੀਂ ਜਾਣ ਦਿੰਦੀ। ਮਿਸਾਲ ਦੇ ਤੌਰ 'ਤੇ ਜਦੋਂ ਭਾਈ ਜੋਗਾ ਸਿੰਘ ਨੇ ਕਲਗੀਧਰ ਪਾਤਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਲਾਜਵਾਬ ਮਿਸਾਲ ਪੈਦਾ ਕੀਤੀ ਤਾਂ ਵੱਡੀ ਕਰਨੀ ਦਾ ਅਹਿਸਾਸ ਦੁਆ ਕੇ ਹੰਕਾਰ ਨੇ ਹਮਲਾ ਕੀਤਾ। ਦੂਜਾ ਰਸਤੇ ਵਿੱਚ ਵੇਸਵਾਵਾਂ ਦੇ ਕੋਠਿਆਂ ਦੀ ਝੂਠੀ ਚਮਕ ਦਮਕ ਰਾਹੀਂ ਕਾਮ ਨੇ ਹਮਲਾ ਕਰ ਦਿੱਤਾ। ਅਜਿਹੀ ਪਤਲੀ ਹਾਲਤ ਵਿੱਚ ਬਿਰਦ ਬਾਣੇ ਦੀ ਲਾਜ ਰੱਖਣ ਲਈ ਸਤਿਗੁਰਾਂ ਨੇ ਪਹਿਰੇਦਾਰ ਦੀ ਨੌਕਰੀ ਕਰਕੇ ਹਾਜ਼ਰੀ ਭਰੀ ਅਤੇ ਜੋਗਾ ਸਿੰਘ ਦੇ ਕਰਮਾਂ ਦੀ ਖੇਤੀ ਨੂੰ ਉਜੜਨ ਤੋਂ ਬਚਾਇਆ।

ਸੱਚੀ ਨੀਅਤ ਨਾਲ ਗੁਰੂ ਜੀ ਦੇ ਹੋ ਜਾਣ



www.AKJ.Org

ਵਾਲਿਆਂ ਦੀ ਰੱਖਿਆ ਲਈ ਗੁਰੂ ਹਮੇਸ਼ਾਂ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ। ਉੱਚੀ ਸੁੱਚੀ ਸੇਵਾ ਲੈਂਦਾ ਹੈ। ਬਸ ਉਹ ਏਨੀ ਕਿਰਪਾ ਕਰੇ ਕਿ ਸੇਵਾ ਵਿਚ ਕੋਈ ਤਰੁੱਟੀ ਨਾ ਰਹਿ ਜਾਵੇ ਅਤੇ ਹੰਕਾਰ ਤੋਂ ਬਚਾਵੇ।

ਧਰਮ ਯੁੱਧ ਵਿੱਚ ਬਾਣੇ ਦੀ ਆਪਣੀ ਹੀ ਅਹਿਮੀਅਤ ਹੁੰਦੀ ਹੈ। ਗੁਰੂ ਦੇ ਪੰਥ ਦੀ ਚੜ੍ਹਦੀ ਕਲਾ ਲਈ ਜਿੰਦੜੀ ਘੋਲ ਘੁਮਾਉਣ ਵਾਲੇ ਕਈ ਵਾਰੀ ਸੰਘਰਸ਼ ਵਿੱਚ ਸ਼ਹੀਦੀ ਦਾ ਜਾਮ ਪੀਂਦੇ ਹੋਏ ਸਰੀਰ ਰੂਪੀ ਚੋਲੇ ਨੂੰ ਛੱਡ ਜਾਂਦੇ ਹਨ ਪਰ ਉਨ੍ਹਾਂ ਦੀ ਭਗਤੀ ਹਾਲੇ ਤੱਕ ਪੂਰੀ ਨਹੀਂ ਹੋਈ ਹੁੰਦੀ। ਉਹ ਸਿਪਾਹੀ ਦਾ ਫ਼ਰਜ਼ ਤਾਂ ਸੋਹਣੀ ਤਰ੍ਹਾਂ ਨਿਭਾ ਜਾਂਦੇ ਹਨ ਪਰ ਸੰਤਾਂ ਵਾਲੀ ਘਾਲਣਾ ਵਿੱਚ ਹਾਲੇ ਕੋਈ ਕਸਰ ਬਾਕੀ ਹੁੰਦੀ ਹੈ। ਭਾਵ ਉਨ੍ਹਾਂ ਦੀ ਆਤਮਿਕ ਅਵਸਥਾ "ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ।।" ਵਾਲੀ ਨਹੀਂ ਹੁੰਦੀ। ਚੜ੍ਹਾਈ ਕਰਨ ਸਮੇਂ ਉਨ੍ਹਾਂ ਦਾ ਧਿਆਨ ਪੰਥ ਦੇ ਵਾਲੀ ਵੱਲ ਹੁੰਦਾ ਹੈ ਜਾਂ ਪੰਥ ਦੀ ਚੜ੍ਹਦੀ ਕਲਾ ਵਿੱਚ ਹੁੰਦਾ ਹੈ ਅਜਿਹੀ ਅਵਸਥਾ ਵਿੱਚ ਮਰਨ ਵਾਲਿਆਂ ਦੇ ਸੂਖਸ਼ਮ ਸਰੀਰ ਅਜਿਹੀਆਂ ਥਾਵਾਂ ਉੱਤੇ ਠਿਕਾਣੇ ਬਣਾ ਲੈਂਦੇ ਹਨ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਅਤੇ ਬਾਣੀ ਬਾਣੇ ਵਿੱਚ ਨਿਪੁੰਨ ਅਭਿਆਸੀ ਸਿੰਘ ਜੁੱਗੋ ਜੁਗ ਅਟੱਲ ਸਤਿਗੁਰਾਂ ਦੇ ਸੇਵਾ ਅਤੇ ਪਾਠ ਭੈ-ਭਾਵਨੀ ਨਾਲ ਕਰਦੇ ਹੋਣ। ਓਨੀ ਦੇਰ ਤੱਕ ਉਹ ਅਜਿਹੀਆਂ ਥਾਵਾਂ ਉੱਤੇ ਠਿਕਾਣੇ ਬਣਾਈ ਰੱਖਦੇ ਹਨ ਜਿੰਨੀ ਦੇਰ ਤੱਕ ਉਨ੍ਹਾਂ ਦੀ ਅਵਸਥਾ "ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ।।" ਵਾਲੀ ਨਹੀਂ ਹੋ ਜਾਂਦੀ। ਜੀਊਂਦੇ ਗੁਰਸਿੱਖਾਂ ਅਤੇ ਸ਼ਹੀਦਾਂ ਦਾ ਇਹ ਮੇਲ ਮਿਲਾਪ ਕੁਦਰਤ ਦੇ ਅਜੀਬ ਢੰਗਾਂ ਨਾਲ ਹੁੰਦਾ ਹੈ। ਕੁਦਰਤ ਦੇ ਖਾਸ ਨਿਯਮਾਂ ਦੇ ਅੰਦਰ ਰਹਿ ਕੇ ਸਾਰਾ ਖੇਲ੍ਹ ਵਰਤਦਾ ਹੈ। ਆਮ ਲੋਕੀਂ ਇਸ ਖੇਲ੍ਹ ਨੂੰ ਨਾਂ ਤਾਂ ਸਮਝ ਸਕਦੇ ਹਨ ਅਤੇ ਨਾਂ ਹੀ ਦੇਖ ਸਕਦੇ ਜਾਂ ਮਹਿਸੂਸ ਕਰ ਸਕਦੇ ਹਨ। ਗੁਰੂ ਦੀ ਕਿਰਪਾ ਨਾਲ ਹੀ ਇਸ ਰੰਗਲੇ ਖੇਲ੍ਹ ਦੀ ਸਮਝ ਆਉਂਦੀ ਹੈ। ਇਹ ਇਕ ਐਸਾ ਖੇਲ੍ਹ ਹੈ ਕਿ ਇਸ ਵਿੱਚ ਦੋਨੋਂ ਧਿਰਾਂ ਹੀ ਜਿੱਤਦੀਆਂ ਹਨ। ਸ਼ਹੀਦ ਸਿੰਘ ਜੀਊਂਦਿਆਂ ਨੂੰ ਨਾਮ-ਬਾਣੀ ਅਤੇ ਬਾਣੇ ਨਾਲ ਜੋੜ ਕੇ ਉੱਚਾ ਸੁੱਚਾ ਜੀਵਨ ਜੀਊਣ ਲਈ ਪ੍ਰੇਰਦੇ ਹਨ। ਜੀਊਂਦਿਆਂ ਦੇ ਆਸਰੇ ਭਗਤੀ ਪੂਰੀ ਕਰਕੇ ਅਨੰਦ ਹੋਣ ਦੀ ਅਵਸਥਾ ਪ੍ਰਾਪਤ ਕਰਦੇ ਹਨ। ਦੂਜੇ ਪਾਸੇ ਜਿਉਂਦੇ ਜੀਊੜੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਕੇ ਆਪਣੀ ਭਗਤੀ ਪੂਰੀ ਕਰ ਲੈਂਦੇ ਹਨ। ਨਾਲ ਹੀ ਨਾਲ ਪੰਥ ਦੀ ਚੜ੍ਹਦੀ ਕਲਾ ਅਤੇ ਹੋਰ ਸ਼ੁਭ ਕਾਰਜਾਂ ਵਿੱਚ ਸ਼ਹੀਦ ਸਿੰਘ ਜੀਊਂਦਿਆਂ ਦੀ ਮਦਦ ਕਰਕੇ ਆਪਣੀਆਂ ਰੀਝਾਂ ਪੂਰੀਆਂ ਕਰਦੇ ਹਨ ਅਤੇ ਜੀਊਂਦਿਆਂ ਨੂੰ ਮਾਣ ਬਖਸ਼ ਕੇ ਉਨ੍ਹਾਂ ਦੀ ਜੈ ਜੈ ਕਾਰ ਕਰਵਾਉਂਦੇ ਹਨ।

ਇਹ ਬਾਣਾ ਬਹੁਤ ਮਹਿੰਗਾ ਮਿਲਦਾ ਹੈ। ਸੀਸ ਭੇਟ ਕਰਨ ਪਿਛੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ ਪਰ ਅਜਿਹੇ ਵਿਰਲੇ ਹੀ ਹੁੰਦੇ ਹਨ ਜਿਹੜੇ ਸੱਚੀ ਮੁੱਚੀ ਸੀਸ ਭੇਟ ਕਰਦੇ ਹਨ। ਅਜਿਹਿਆਂ ਦੀ ਭੇਟਾ ਦਾਤਾ ਪ੍ਰਵਾਨ ਵੀ ਕਰ ਲੈਂਦਾ ਹੈ। ਜ਼ੁਲਮ ਦਾ ਮੁਕਾਬਲਾ ਕਰਨ ਵੇਲੇ ਸਵਾ ਸਵਾ ਲੱਖ ਦੇ ਸਾਹਮਣੇ ਡੱਟ ਕੇ ਖੜ੍ਹੇ ਹੋ ਕੇ ਸੱਚ ਦਾ ਹੋਕਾ ਦੇਣ ਦੀ ਸਮਰੱਥਾ ਬਖਸ਼ਦਾ ਹੈ। ਜਾਬਰਾਂ ਨਾਲ ਟੱਕਰ ਲੈਣ ਦੀ ਦਲੇਰੀ ਬਖਸ਼ ਕੇ ਲਾਡਲਿਆਂ ਦੇ ਸੀਸ ਕਬੂਲ ਕਰ ਲੈਂਦਾ ਹੈ ਤਾਂ ਉਸ ਵੇਲੇ "ਹੈ ਹੈ ਹੈ ਸਭ ਜਗ ਭਇਓ, ਜੈ ਜੈ ਜੈ ਸੁਰਲੋਕ" ਵਾਲੀ ਗੱਲ ਹੋ ਜਾਂਦੀ ਹੈ।

"ਜਿਸਕਾ ਤਨੁ ਮਨੁ ਧਨੁ ਸਭੁ ਤਿਸਕਾ ਸੋਈ ਸੁਘੜੁ ਸੁਜਾਨੀ।।" ਇਹ ਸ਼ਬਦ ਪੜ੍ਹਦਿਆਂ ਆਪ ਨੂੰ ਸੁਘੜ ਸੁਜਾਨੀ ਕਹਾਉਣ ਦੀ ਖਾਤਰ ਅਸੀਂ ਆਪਣੇ ਤਨ ਮਨ ਧਨ ਦੀ ਭੇਟਾ ਕਰਦੇ ਹਾਂ। ਕਈ ਵਾਰੀ ਅਰਦਾਸ ਵਿੱਚ ਵੀ ਤਨ ਮਨ ਧਨ ਉਸ ਨੂੰ ਅਰਪ ਕਰ ਦੇਣ ਦੇ ਬੋਲ ਬੋਲਦੇ ਹਾਂ ਪਰ ਅਸੀਂ ਅੰਦਰੋਂ ਕਦੀ ਵੀ ਇਹ ਨਹੀਂ ਚਾਹਿਆ ਕਿ ਸਾਡਾ ਤਨ ਮਨ ਧਨ ਦਾਤਾ ਕਬੂਲ ਕਰ ਲਵੇ। ਸਗੋਂ ਸਾਡੀ ਭਾਵਨਾ ਤਾਂ ਇਹ ਹੁੰਦੀ ਹੈ ਕਿ ਅਸੀਂ ਆਪਣਾ ਸਭ ਕੁੱਝ ਉਸਦੇ ਚਰਨਾਂ ਵਿੱਚ ਰੱਖ ਦਿੱਤਾ ਹੈ, ਉਹ ਹੁਣ ਆਪੇ ਹੀ ਇਸਦੀ ਚੌਕੀਦਾਰੀ ਕਰਕੇ ਰੱਖਿਆ ਕਰੇਗਾ। ਰੱਖਿਆ ਹੀ ਨਹੀਂ ਸਗੋਂ ਅਸੀਂ ਤਨ ਦੀ ਤੰਦਰੁਸਤੀ, ਮਨ ਦੀ ਖੁਸ਼ੀ ਅਤੇ ਧੰਨ ਦੇ ਵਾਧੇ ਲਈ ਰੱਬ ਦੀ ਡਿਊਟੀ ਲਗਾ ਦਿੰਦੇ ਹਾਂ। ਪਰ ਜਿਹੜੇ ਸੱਚੀ ਮੁੱਚੀ ਤਨ ਮਨ ਧਨ ਉਸ ਦੀ ਭੇਟਾ ਕਰ ਦਿੰਦੇ ਹਨ ਉਹ ਕੁੱਝ ਖੱਟ ਲੈਂਦੇ ਹਨ। ਉਹਨਾਂ ਦੇ ਜੀਵਨ ਲੇਖੇ ਲੱਗ ਜਾਂਦੇ ਹਨ।

ਉਹ ਜੀਉੜੇ ਧੰਨ ਹਨ ਜਿਨ੍ਹਾਂ ਦੇ ਸੀਸ ਪ੍ਰਵਾਨ ਹੁੰਦੇ ਹਨ। ਜਿਹੜੇ ਸੀਸ ਭੇਟ ਕਰਨ ਦੀ ਭਾਵਨਾ ਨੂੰ ਅੰਤਰ-ਆਤਮਾ ਵਿੱਚ ਵਸਾ ਕੇ ਅੰਮ੍ਰਿਤ ਪਾਨ ਕਰਦੇ ਹਨ, ਉਨ੍ਹਾਂ ਦੀਆਂ ਫੋਕੀਆਂ ਦੇ ਝੂਠੀਆਂ ਤ੍ਰਿਸ਼ਨਾਵਾਂ ਸਦਾ ਸਦਾ ਲਈ ਮਰ ਜਾਂਦੀਆਂ ਹਨ। ਉਹ ਤਨੋਂ ਮਨੋਂ ਨਾਮ ਬਾਣੀ ਵਿੱਚ ਰਸ ਜਾਂਦੇ ਹਨ। ਪਿਆਰੇ ਦੇ ਪਿਆਰ ਵਿੱਚ ਰਮ ਜਾਂਦੇ ਹਨ। ਹਮੇਸ਼ਾਂ ਹਮੇਸ਼ਾਂ ਲਈ ਰੱਜ ਜਾਂਦੇ ਹਨ, ਉਨ੍ਹਾਂ ਨੂੰ ਕੋਈ ਭੁੱਖ ਵੀ ਸਤਾਉਂਦੀ ਨਹੀਂ। ਭਗਤੀ ਭੰਡਾਰਾਂ ਨਾਲ ਮਾਲੋ ਮਾਲ ਹੋ ਜਾਂਦੇ ਹਨ। ਵੀਰਤਾ ਦੇ ਖਜ਼ਾਨੇ ਭਰ ਜਾਂਦੇ ਹਨ। ਅੰਮ੍ਰਿਤ ਦਾ ਦਾਤਾ ਉਨ੍ਹਾਂ ਕੋਲੋਂ ਉਹੋ ਜਿਹੇ ਉੱਚੇ ਤੇ ਸੁੱਚੇ ਕਰਮ ਕਰਵਾਉਂਦਾ ਹੈ ਜਿਹੋ ਜਿਹੇ ਕਰਮ ਉਸਨੇ ਆਪਣੇ ਜੀਵਨ ਵਿੱਚ ਕੀਤੇ ਸੀ। ਉਨ੍ਹਾਂ ਦੇ ਅੰਗ ਸੰਗ ਰਹਿ ਕੇ ਮੌਤ ਨੂੰ ਮਖੌਲਾਂ ਕਰਨ ਵਾਲੀ



www.AKJ.Org

ਅਵਸਥਾ ਤੱਕ ਪਹੁੰਚਾਉਂਦਾ ਹੈ ਤੇ ਹੱਸ ਹੱਸ ਕੇ ਸੂਲੀ ਉੱਤੇ ਚੜ੍ਹਨ ਦੀ ਜਾਂਚ ਸਿਖਾਉਂਦਾ ਹੈ। "ਰਣ ਜੂਝ ਮਰੇ" ਦੇ ਚਾਓ ਨਾਲ ਭਰਿਆ ਹੋਇਆਂ ਨੂੰ ਅਥਾਹ ਦਲੇਰੀ ਬਖਸ਼ ਕੇ ਹਰ ਮੈਦਾਨ ਫਤਹਿ ਕਰਨ ਦੀ ਸਮਰਥਾ ਬਖਸ਼ਦਾ ਹੈ। ਕਕਾਰ ਅਤੇ ਬਾਣਾ ਬਖਸ਼ ਕੇ ਸੋਹਣੇ ਬਣਾ ਲੈਂਦਾ ਹੈ। ਆਪਣੇ ਨੂਰ ਦੇ ਛਿੱਟੇ ਦੇ ਕੇ ਅਸਲੀ ਸੁੰਦਰਤਾ ਬਖਸ਼ਦਾ ਹੈ।

ਪਰ ਇਹ ਦੁੱਖ ਦੀ ਗੱਲ ਹੈ ਕਿ ਸਾਰੇ ਲੋਕੀਂ ਗੁਰੂ ਵਾਲੇ ਬਣਨ ਲਈ ਅੰਮ੍ਰਿਤ ਪਾਨ ਨਹੀਂ ਕਰਦੇ ਸਗੋਂ ਕਈ ਐਸੇ ਕਲਯੁਗੀ ਜੀਵ ਵੀ ਹਨ ਜਿਹੜੇ ਸਿਆਸੀ ਖੇਡ ਖੇਡਣ ਲਈ ਬਾਣਾ ਪਾ ਕੇ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਭੋਲੇ ਭਾਲੇ ਲੋਕਾਂ ਦੀ ਅੱਖੀਂ ਘੱਟਾ ਪਾ ਕੇ ਲੋਕਾਂ ਦੀ ਸ਼ਰਧਾ ਲੁੱਟਦੇ ਹਨ। ਨੋਟਾਂ ਅਤੇ ਵੋਟਾਂ ਦੀ ਖਾਤਰ ਬਗਲੇ ਭਗਤ ਬਣਨ ਲਈ ਕਕਾਰ ਸਜਾ ਕੇ ਸੰਗਤ ਵਿੱਚ ਉੱਚੀਆਂ ਸੁੱਚੀਆਂ ਹਸਤੀਆਂ ਬਣ ਕੇ ਵਿਚਰਦੇ ਹਨ। ਸਿਆਸੀ ਜਾਂ ਨਿੱਜੀ ਲਾਭਾਂ ਦੀ ਖਾਤਰ ਭੇਖ ਕਰਨ ਵਾਲਿਆਂ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ-

ਭੇਖ ਦਿਖਾਇ ਜਗਤ ਕਉ ਲੋਗਨ ਕਉ ਬਸਿ ਕੀਨ।।
ਅੰਤ ਕਾਲਿ ਕਾਤੀ ਕਟਿਉ ਬਾਸ ਨਰਕ ਕਉ ਲੀਨ।।

ਜਿਹੜੇ ਲੋਕੀਂ ਦਿਖਾਵਾ ਕਰਨ ਲਈ ਅਤੇ ਲੋਕਾਂ ਨੂੰ ਵੱਸ ਵਿੱਚ ਕਰਨ ਲਈ ਬਾਣਾ ਪਾਉਂਦੇ ਹਨ ਉਹ ਨਰਕਾਂ ਦੇ ਵਾਸੀ ਹੁੰਦੇ ਹਨ ਕਿਉਂਕਿ ਉਹ ਲੋਕਾਂ ਨੂੰ ਧੋਖਾ ਦਿੰਦੇ ਹਨ ਤੇ ਆਪਣੇ ਆਪ ਨੂੰ ਵੀ ਧੋਖਾ ਦਿੰਦੇ ਹਨ। ਚੌਧਰ ਅਤੇ ਪੈਸੇ ਦੀ ਖਾਤਰ ਭੇਖੀ ਸਿੰਘ ਬਣ ਕੇ ਸਿਆਸਤ ਦੇ ਮੈਦਾਨ ਵਿੱਚ ਲੂੰਬੜ ਚਾਲਾਂ ਚੱਲਦੇ ਹਨ। ਆਪਣੇ ਸੁਆਰਥਾਂ ਵਿੱਚ ਲੀਨ ਹੋਣ ਕਰਕੇ ਗੁਰਮਤਿ ਬਾਰੇ ਸੋਚਣ ਦੀ ਤਾਂ ਇਨ੍ਹਾਂ ਕੋਲ ਫੁਰਸਤ ਹੀ ਨਹੀਂ ਹੁੰਦੀ, ਫਿਰ ਇਹ ਗੁਰੂ ਦੇ ਸਿਧਾਂਤਾਂ ਦੀ ਗੱਲ ਕਰਨ ਦੀ ਥਾਂ ਆਪਣੇ ਬਣਾਏ ਹੋਏ ਸਿਧਾਂਤਾਂ ਦਾ ਰੌਲਾ ਪਾ ਕੇ ਸੰਗਤ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਜੇ ਇਨ੍ਹਾਂ ਦੇ ਨਿੱਜੀ ਜੀਵਨ ਵੱਲ ਝਾਤ ਮਾਰਨ ਦਾ ਮੌਕਾ ਮਿਲ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਹ ਕਿਰਤ ਕਮਾਈ ਦੀ ਰੋਟੀ ਖਾਣ ਦੀ ਥਾਂ ਵਿਹਲੇ ਬੈਠ ਕੇ ਬਾਦਸ਼ਾਹੀਆਂ ਮਾਨਣ ਦੀ ਚਾਹਤ ਦੀ ਬੀਮਾਰੀ ਦੇ ਕੀੜਿਆਂ ਦੇ ਖਾਧੇ ਹੋਏ ਆਪਣੇ ਸੁਆਰਥ ਲਈ ਕੁਰਬਾਨੀ ਵਾਲੇ ਸਿੰਘਾਂ ਦੀ ਕੁਰਬਾਨੀ ਦਾ ਮੁੱਲ ਵੱਟਣ ਲਈ ਸਿਆਸਤ ਦਾ ਪਿੜ ਮੱਲਦੇ ਹਨ। ਪੰਥ ਦੀ ਖਾਤਰ ਸ਼ਹੀਦ ਅਤੇ ਕੁਰਬਾਨ ਹੋਣ ਵਾਲੇ ਸਿੰਘਾਂ ਦੇ ਪਰਿਵਾਰਾਂ ਦੇ ਨਾਮ ਉੱਤੇ ਪੈਸਾ ਇਕੱਠਾ ਕਰਕੇ ਆਪਣਾ ਢਿੱਡ ਭਰਨ ਲਈ ਸੰਗਤ ਵਿੱਚ ਆਪਣੇ ਆਪ ਨੂੰ ਬਹੁਤ ਵੱਡੇ ਸੇਵਕ ਅਤੇ ਪਰਉਪਕਾਰੀ ਦੱਸਦੇ ਹਨ ਅਤੇ ਪੰਥ ਦਰਦੀਆਂ ਦੀ ਕਿਰਤ ਕਮਾਈ ਭੋਟਣ ਵਿੱਚ ਸਫਲ ਹੁੰਦੇ ਹਨ। ਵੇਹਲੀਆਂ ਖਾਣ ਦੇ ਸ਼ੌਕੀਨ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨ ਵਾਲੇ ਗੁਰਸਿੱਖਾਂ ਨੂੰ ਗੁਰਸਿੱਖੀ ਦੇ ਸਾਦਗੀ ਭਰੇ ਜੀਵਨ ਦਾ ਪ੍ਰਚਾਰ ਕਰਕੇ ਫੱਕਰਾਂ ਵਾਂਗੂੰ ਜਿਉਣ ਦਾ ਉਪਦੇਸ਼ ਦਿੰਦੇ ਹਨ। ਸਭ ਕੁੱਝ ਗੁਰੂ ਦੇ ਲੇਖੇ ਲਾਉਣ ਦੀ ਦੁਹਾਈ ਦਿੰਦੇ ਆਪਣੀਆਂ ਜੇਬਾਂ ਭਰਦੇ ਹਨ ਅਤੇ ਆਪਣੇ ਐਸ਼ ਆਰਾਮ ਦੇ ਲਈ ਕੋਈ ਕਸਰ ਨਹੀਂ ਛੱਡਦੇ। ਅਜੇਹੇ ਪਾਖੰਡੀਆਂ ਅਤੇ ਲੁਟੇਰਿਆਂ ਤੋਂ ਖਬਰਦਾਰ ਹੋਣ ਦੀ ਲੋੜ ਹੈ।

ੴ ਸਤਿਗੁਰ ਪ੍ਰਸਾਦਿ

(ਪੰਨਾ ੩੭ ਦਾ ਬਾਕੀ.........)

ਅੰਤਰਿ ਅਗਨਿ ਬਾਹਰਿ ਤਨੁ ਸੁਆਹ।।
ਗਲਿ ਪਾਥਰ ਕੈਸੇ ਤਰੈ ਅਥਾਹ।।
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ।।
ਨਾਨਕ ਤੇ ਜਨ ਸਹਜਿ ਸਮਾਤਿ।।੫।।

(ਪੰਨਾ ੨੬੭)

ਅੱਜਕਲ ਬਾਹਰੋਂ ਦਿਸਦੇ ਧਰਮੀ ਬੰਦਿਆਂ ਦਾ ਬਹੁਤਾ ਰੁਝਾਨ ਗੁਰੂ ਜਾਂ ਅਕਾਲ ਪੁਰਖ ਨੂੰ ਰੀਝਾਵਨ ਦੀ ਥਾਵੇਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਰੀਝਾਵਨ ਵਿੱਚ ਰਹਿੰਦਾ ਹੈ। ਬਾਹਰੋਂ ਜ਼ਰੂਰ ਉਹਨਾਂ ਧਰਮ ਦੇ ਚਿੰਨ ਧਾਰਨ ਕੀਤੇ ਹੋਏ ਹੁੰਦੇ ਹਨ, ਪਰ ਉਹਨਾ ਅੰਦਰ ਕਾਮਾਦਿਕ ਪੰਜੇ ਚੋਰ ਪਰਬਲ ਹੁੰਦੇ ਹਨ। ਅੰਦਰ ਤ੍ਰਿਸ਼ਨਾ ਅਤੇ ਈਰਖਾ ਦੀ ਅੱਗ ਲੱਗੀ ਹੁੰਦੀ ਹੈ ਪਰ ਬਾਹਰੋਂ (ਪਿੰਡੇ ਉਤੇ ਸੁਆਹ ਮਲ ਕੇ) ਧਾਰਮਕ ਹੋਣ ਦਾ ਵਿਖਾਵਾ ਕੀਤਾ ਹੋਇਆ ਹੁੰਦਾ ਹੈ, ਇਹ ਤਾਂ ਇਉਂ ਹੈ ਜਿਵੇਂ ਕੋਈ ਗਲੇ ਨਾਲ ਪੱਥਰ ਲਟਕਾ ਕੇ ਡੂੰਘੇ ਸਮੁੰਦਰ ਨੂੰ ਤਰਕੇ ਪਾਰ ਕਰਨ ਦਾ ਜਤਨ ਕਰੇ ਜੋ ਇਕ ਅਸਫਲ ਯਤਨ ਸਾਬਤ ਹੁੰਦਾ ਹੈ। ਸੰਸਾਰ ਸਮੁੰਦਰ ਨੂੰ ਤਰਨ ਲਈ ਤਾਂ ਇਹ ਪੱਥਰ ਪਰ੍ਹਾਂ ਸੁੱਟ ਕੇ ਗੁਰੂ ਦੀ ਅਗਵਾਈ ਵਿੱਚ, ਗੁਰੂ ਦੀ ਟੇਕ ਲੈ ਕੇ ਛਾਲ ਮਾਰਨੀ ਹੀ ਪੈਣੀ ਹੈ। ਉਪਰੋਕਤ ਚੌਥੀ ਅਸ਼ਟਪਦੀ ਦੀ ਸਤਵੀਂ ਪੌੜੀ ਦੀਆਂ ਅੰਤਲੀਆਂ ਲਾਈਨਾਂ ਵਿੱਚ ਤਾੜਨਾ ਕੀਤੀ ਹੈ :-

ਬੈਰ ਬਿਰੋਧ ਕਾਮ ਕ੍ਰੋਧ ਮੋਹ।।
ਝੂਠ ਬਿਕਾਰ ਮਹਾ ਲੋਭ ਧ੍ਰੋਹ।।
ਇਆਹੂ ਜੁਗਤਿ ਬਿਹਾਨੇ ਕਈ ਜਨਮ।।
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ।।੭।।

ੴ ਸਤਿਗੁਰ ਪ੍ਰਸਾਦਿ (ਪੰਨਾ ੨੬੭-੨੬੮)



www.AKJ.Org

ਸਵਾਲ : ਬੰਦਾ ਮਰ ਕੇ ਕਿੱਧਰ ਚਲਿਆ ਜਾਂਦਾ ਹੈ ?

ਜਵਾਬ : ਮਰਨ ਵੇਲੇ ਜਿੱਧਰ ਨੂੰ ਧਿਆਨ ਹੁੰਦਾ ਹੈ ਤੇਹੋ ਜੇਹਾ ਹੀ ਫਲ ਮਿਲਦਾ ਹੈ।

ਅੰਤਿ ਕਾਲਿ ਜੋ............

੧. ਅੰਤਿ ਕਾਲਿ ਜੋ *ਲਛਮੀ* *ਸਿਮਰੈ*, ਐਸੀ ਚਿੰਤਾ ਮਹਿ ਜੇ ਮਰੈ।।
*ਸਰਪ* ਜੋਨਿ ਵਲਿ ਵਲਿ ਅਉਤਰੈ ।।੧।।
(ਅੰਤ ਵੇਲੇ ਧਨ-ਪਦਾਰਥ ਚੇਤੇ ਕਰਦਾ ਹੋਇਆ ਮਰਨ ਵਾਲਾ ਬੰਦਾ ਮੁੜ ਮੁੜ ਸੱਪ ਦੀ ਜੂਨੇ ਪੈਦਾ ਹੈ।)

੨. ਅੰਤਿ ਕਾਲਿ ਜੋ *ਇਸਤ੍ਰੀ* *ਸਿਮਰੈ*, ਐਸੀ ਚਿੰਤਾ ਮਹਿ ਜੇ ਮਰੈ।।
*ਬੇਸਵਾ* ਜੋਨਿ ਵਲਿ ਵਲਿ ਅਉਤਰੈ।।੨।।
(ਅੰਤ ਵੇਲੇ ਇਸਤ੍ਰੀ ਨੂੰ ਚੇਤੇ ਕਰਦਾ ਹੋਇਆ ਮਰਨ ਵਾਲਾ ਬੰਦਾ ਮੁੜ ਮੁੜ ਵੇਸਵਾ ਦਾ ਜਨਮ ਲੈਂਦਾ ਹੈ।)

੩. ਅੰਤਿ ਕਾਲਿ ਜੋ *ਲੜਕੇ* *ਸਿਮਰੈ*, ਐਸੀ ਚਿੰਤਾ ਮਹਿ ਜੇ ਮਰੈ।।
*ਸੂਕਰ* ਜੋਨਿ ਵਲਿ ਵਲਿ ਅਉਤਰੈ।।੩।।
(ਅੰਤ ਵੇਲੇ ਆਪਣੇ ਪੁੱਤਰਾਂ ਨੂੰ ਹੀ ਯਾਦ ਕਰਦਾ ਹੋਇਆ ਮਰਨ ਵਾਲਾ ਮੁੜ ਮੁੜ ਸੂਰ ਦੀ ਜੂਨੇ ਪੈਦਾ ਹੈ।)

੪ ਅੰਤਿ ਕਾਲਿ ਜੋ *ਮੰਦਰਿ* *ਸਿਮਰੈ*, ਐਸੀ ਚਿੰਤਾ ਮਹਿ ਜੇ ਮਰੈ।।
*ਪ੍ਰੇਤ* ਜੋਨਿ ਵਲਿ ਵਲਿ ਅਉਤਰੈ।।੪।।
(ਅੰਤ ਵੇਲੇ ਆਪਣੇ ਘਰ ਮਹਿਲ ਮਾੜ੍ਹੀਆਂ ਦੇ ਹਾਉਕੇ ਲੈਂਦਾ ਹੋਇਆ ਮਰਨ ਵਾਲਾ ਮੁੜ ਮੁੜ ਪ੍ਰੇਤ ਬਣਦਾ ਹੈ।)

੫. ਅੰਤਿ ਕਾਲਿ *ਨਾਰਾਇਣ* *ਸਿਮਰੈ*, ਐਸੀ ਚਿੰਤਾ ਮਹਿ ਜੇ ਮਰੈ।।
ਬਦਤਿ ਤਿਲੋਚਨੁ, *ਤੇ ਨਰ ਮੁਕਤਾ, ਪੀਤੰਬਰੁ ਵਾ ਕੇ ਰਿਦੈ ਬਸੈ*।।੫।।(ਪੰਨਾ ੫੨੬)

(ਭਗਤ ਤ੍ਰਿਲੋਚਨ ਆਖਦਾ ਹੈ ਕਿ ਜੋ ਮਨੁੱਖ ਅੰਤ ਸਮੇ ਪਰਮਾਤਮਾ ਨੂੰ ਯਾਦ ਕਰਦਾ ਹੈ ਤੇ ਇਸੇ ਯਾਦ ਵਿਚ ਹੀ ਸਰੀਰ ਛੱਡਦਾ ਹੈ ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ (ਮੁਕਤ) ਹੋ ਜਾਂਦਾ ਹੈ, ਉਸ ਦੇ ਹਿਰਦੇ ਵਿਚ ਪਰਮਾਤਮਾ ਆਪ ਵੱਸਦਾ ਹੈ ਭਾਵ ਉਹ ਆਪ ਪਰਮਾਤਮਾ ਨਾਲ ਇੱਕ ਮਿੱਕ ਹੋ ਜਾਂਦਾ ਹੈ।

"ਹਰਿ ਜਪਿ ਹਰਿ ਸੇਤੀ ਰਲਿਆ।।" (ਪੰਨਾ ੫੬੨)

ਕਿਉ ਜੀ ! ਤੁਸੀ ਕਿਹੜੀ ਗੱਡੀ ਚੜ੍ਹਨਾ ਚਾਹੋਗੇ ?

---

## ਜ਼ਰੂਰੀ ਸੂਚਨਾ

ਸੂਰਾ ਪੱਤਰ ਦੇ ਬਹੁਤ ਸਾਰੇ ਦੇਸ਼ ਵਿਦੇਸ਼ ਵਿਚ ਬੈਠੇ ਲਾਈਫ਼ ਮੈਂਬਰਾਂ ਦਾ ਬਕਾਇਆ ਚੰਦਾ ਅਜੇ ਤੱਕ ਸੂਰਾ ਦਫ਼ਤਰ ਨਹੀ ਪਹੁੰਚਿਆ। ਪਿਛਲੇ ਸਮੇ ਦੌਰਾਨ 'ਸੂਰਾ' ਪੱਤਰ ਦੀ ਲਾਗਤ ਕੀਮਤ ਵਿਚ ਕਾਫ਼ੀ ਵਾਧਾ ਹੋਣ ਕਰਕੇ ਪੁਰਾਣੇ ਚੰਦਿਆਂ ਤੇ ਪਰਚਾ ਭੇਜਣਾ ਅਤਿ ਮੁਸ਼ਕਲ ਹੋ ਗਿਆ ਹੈ। ਸੋ ਦੇਸ਼ ਵਿਦੇਸ਼ ਦੇ ਲਾਈਫ਼ ਮੈਂਬਰਾਂ, ਜਿਨ੍ਹਾਂ ਦੇ ਬਕਾਏ ਰਹਿੰਦੇ ਹਨ, ਪ੍ਰਤੀ ਬੇਨਤੀ ਹੈ ਕਿ ਉਹ ਆਪਣੇ ਬਕਾਏ ੨੦ ਨਵੰਬਰ ਤੱਕ ਹਰ ਹਾਲਤ "ਸੂਰਾ" ਦੇ ਉਪ-ਦਫ਼ਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਪਹੁੰਚਾ ਦੇਣ ਤਾਂ ਕਿ ਗੁਰਸ਼ਬਦ ਦਾ ਇਹ ਲੰਗਰ ਨਿਰਵਿਘਨ ਆਪਜੀ ਤੱਕ ਪਹੁੰਚਦਾ ਰਹੇ।

---

ਦਿਆਲਪੁਰ ਵਿਖੇ ਸਾਲਾਨਾ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ

੨ ਨਵੰਬਰ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ੧ ਵਜੇ ਤੱਕ। ਸ਼ਾਮ ੬ ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

---

ਮੋਗਾ ਵਿਖੇ ਅਖੰਡ ਕੀਰਤਨ ਸਮਾਗਮ ੧੪ ਤੋਂ ੧੭ ਨਵੰਬਰ ਤੱਕ, ਵੇਰਵਾ ਆਉਂਦੇ ਪਰਚੇ ਵਿਚ।

---

ਪਿੰਡ ਹਰਿਆਣਾ (ਹੁਸ਼ਿਆਰਪੁਰ) ਭਾਈ ਰੇਸ਼ਮ ਸਿੰਘ ਜੀ ਦੇ ਗ੍ਰਿਹਿ ਅਖੰਡ ਕੀਰਤਨ ੩ ਨਵੰਬਰ ਸਵੇਰ ਤੋਂ ਦੁਪਹਿਰ ਤੱਕ।

---

## 'ਸੂਰਾ' ਦੀ ਚੜ੍ਹਦੀ ਕਲਾ ਲਈ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਗੁਰਚਰਨ ਸਿੰਘ ਵਾਰਾਨਸੀ | 380 ਰੁ: | ਭਾਈ ਰਿਪੁਦਮਨ ਸਿੰਘ ਮਲਿਕ | 5000 ਰੁ: |
| ਵੀਰ ਇੰਦਰਜੀਤ ਸਿੰਘ ਜੀ ਦੀ ਯਾਦ ਵਿੱਚ | 500 ਰ: | ਸ੍ਰ: ਕਮਲਜੀਤ ਸਿੰਘ ਮਿੱਠਾਪੁਰ (ਚੜ੍ਹਾਵਾ) | 445 ਰੁ: |

---

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ 'ਸੂਰਾ' ਦੇ ਸਬ-ਆਫਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

1. ਸੂਰਾ ਮਾਸਿਕ ਪੱਤਰ ਵਿਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾਂ ਕੋਈ ਵੀ ਹੋਰ ਸੂਚਨਾ ਪਰਚੇ ਨਾਲ ਸਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਾਰੀਖ ਤੱਕ 'ਸੂਰਾ' ਦੇ ਦਫ਼ਤਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਦਸੰਬਰ ਦੇ ਪਰਚੇ ਵਿਚ ਛਪਣ ਲਈ ਸੂਚਨਾ ਇਕ ਨਵੰਬਰ ਤੱਕ ਪਹੁੰਚ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਪਹੁੰਚਣ ਵਾਲੀ ਸੂਚਨਾ ਕਿਸੇਵੀ ਹਾਲਤ ਵਿਚ ਛਪ ਨਹੀਂ ਸਕੇਗੀ।

2. ਸੂਰਾ ਵਿਚ ਛਾਪਣ ਲਈ ਕੋਈ ਵੀ ਸੂਚਨਾ ਸਿੱਧੀ 'ਸੂਰਾ' ਦਫ਼ਤਰ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਨੋਟ ਕਰਵਾਓ। ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਭੇਜੀ ਸੂਚਨਾ ਨਾ ਛਪਣ ਤੇ ਸੂਰਾ ਦਫ਼ਤਰ ਜਿੰਮੇਵਾਰ ਨਹੀਂ ਹੋਵੇਗਾ। ਸੰਪਾਦਕ

---

ਪਿੰਡ ਡੋਗਰ ਨੇੜੇ ਫਤਹਿਗੜ੍ਹ ਚੂੜੀਆਂ (ਗੁਰਦਾਸਪੁਰ) ਵਿਖੇ ਰੈਣਿ ਸਬਾਈ ਕੀਰਤਨ ਭਾਈ ਦਲਵਿੰਦਰ ਸਿੰਘ ਦੇ ਗ੍ਰਿਹਿ ਵਿਖੇ 5 ਅਕਤੂਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

---

ਗੁ: ਮੁਸ਼ਕਿਆਣਾ ਸਾਹਿਬ, ਮੁੱਲਾਂਪੁਰ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ ਮਾਸਟਰ ਗੁਰਸੇਵਕ ਸਿੰਘ ਜੀ ਦੀ ਯਾਦ ਵਿੱਚ 19 ਅਕਤੂਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

---

### ਦਿੱਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

| | ਸਵੇਰੇ (5 ਵਜੇ ਤੋਂ ਦੁਪਹਿਰ ਤੱਕ) | ਸ਼ਾਮ (7 ਵਜੇ ਤੋਂ 9 ਵਜੇ ਤੱਕ) |
|---|---|---|
| 18.10.96 ਸ਼ੁੱਕਰਵਾਰ | --------- | ਗੁ: ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ |
| 19.10.96 ਸ਼ਨੀਵਾਰ | ਗੁ: ਬੰਗਲਾ ਸਾਹਿਬ | ਗੁ: ਨਾਨਕ ਪਿਆਓ ਸਾਹਿਬ |
| 20.10.96 ਐਤਵਾਰ | ਗੁ: ਸੀਸ ਗੰਜ ਸਾਹਿਬ | ਗੁ: ਬੰਗਲਾ ਸਾਹਿਬ |
| 21.10.96 ਸੋਮਵਾਰ | ਗੁ: ਬੰਗਲਾ ਸਾਹਿਬ | ਰੈਣਿ ਸਬਾਈ ਕੀਰਤਨ ਗੁ: ਰਕਾਬ ਗੰਜ ਸਾਹਿਬ |

ਅੰਮ੍ਰਿਤ ਸੰਚਾਰ :- 21.10.96 ਸ਼ਾਮ 7 ਵਜੇ ਆਰੰਭ ਗੁ: ਰਕਾਬ ਗੰਜ ਸਾਹਿਬ ਵਿਖੇ।

ਰਿਹਾਇਸ਼ ਤੇ ਲੰਗਰ :- ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਵਿਖੇ। ਪ੍ਰਾਰਥਕ ਦਾਸਰੇ :- ਅਖੰਡ ਕੀਰਤਨੀ ਜੱਥਾ, ਦਿੱਲੀ।

---

ਗ੍ਰਿਹਿ ਭਾਈ ਕੁਲਦੀਪ ਸਿੰਘ ਪਿੰਡ ਭਾਗੋਵਾਲ ਵਿਖੇ ਰੈਣਿ ਸਬਾਈ ਕੀਰਤਨ 26 ਅਕਤੂਬਰ ਰਾਤ ਨੂੰ।
ਨੋਟ :- ਪਿੰਡ ਭਾਗੋਵਾਲ (ਜ਼ਿਲਾ ਗੁਰਦਾਸਪੁਰ) ਬਟਾਲਾ ਤੇ ਕਲਾਨੌਰ ਰੋਡ ਤੇ ੧੦ ਕਿਲੋਮੀਟਰ ਦੀ ਵਿੱਥ ਤੇ ਹੈ ਤੇ ਆਖਰੀ ਬੱਸ ਬਟਾਲੇ ਤੋਂ ਸ਼ਾਮ ੭ ਵਜੇ ਚੱਲਦੀ ਹੈ।

---

ਬਾਊ ਮੱਲ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਸਮਾਗਮ 25 ਤੋਂ 27 ਅਕਤੂਬਰ ਦੁਪਹਿਰ ਤੱਕ 27 ਅਕਤੂਬਰ 96 ਐਤਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ (40, ਰਾਣੀ ਕਾ ਬਾਗ, ਅੰਮ੍ਰਿਤਸਰ ਵਿਖੇ) ਉਪਰੰਤ ਅਖੰਡ ਕੀਰਤਨ ਦੁਪਹਿਰ 12 ਵਜੇ ਤੱਕ।

---

ਲੁਧਿਆਣਾ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਤੇ ਅਖੰਡ ਕੀਰਤਨ ਸਮਾਗਮ। 25.10.96 ਅੰਮ੍ਰਿਤ ਵੇਲੇ 4.30 ਤੋਂ 7 ਵਜੇ ਤੱਕ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ। 27 ਅਕਤੂਬਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ 12 ਵਜੇ ਤੱਕ। (ਗ੍ਰਿਹਿ ਭਾਈ ਗੋਪਾਲ ਸਿੰਘ, ਭਾਈ ਸੁਖਵਿੰਦਰ ਸਿੰਘ, 80, ਨਿਊ ਲਾਜਪਤ ਨਗਰ, ਪੱਖੋਵਾਲ ਰੋਡ ਲੁਧਿਆਣਾ Tel. 404045 ਵਿਖੇ)

---

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਤੇ ਸਾਲਾਨਾ ਅਖੰਡ ਕੀਰਤਨ ਸਮਾਗਮ ਮੋਗਾ ਵਿਖੇ 31 ਅਕਤੂਬਰ ਵੀਰਵਾਰ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ। 2 ਨਵੰਬਰ ਸ਼ਨੀਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ ਨੂੰ ਸੋਦਰੁ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਬੀਬੀ ਕਾਹਨ ਕੌਰ ਮੋਗਾ ਵਿਖੇ। ਨੋਟ :- (1) ਸਾਰੇ ਸਮਾਗਮਾਂ ਅਤੇ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਬੀਬੀ ਕਾਹਨ ਕੌਰ ਵਿਖੇ ਹੀ ਹੋਵੇਗਾ। (2) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। (3) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ। ਦਾਸਰੇ :- ਅਖੰਡ ਕੀਰਤਨੀ ਜੱਥਾ, ਮੋਗਾ।

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org